# ‘Basics’ Handbook for District Boards of Ministry
# ਡਿਸਟਿਕ ਬੋਰਡ ਆਫ ਮਿਨਸਟਰੀ ਲਈ ‘ਆਧਾਰਭੂਤ’ ਛੋਟੀ ਕਿਤਾਬ

**Primer Materials for District Boards of Ministry**
**ਡਿਸਟਿਕ ਬੋਰਡ ਆਫ ਮਿਨਸਟਰੀ ਲਈ ਪ੍ਰਾਈਮਰ ਸਮੱਗਰੀ**

**EURASIA**
**ਦੁਆਰਾ ਵਿਕਸਿਤ ਕੀਤਾ ਗਿਆ**
**Regional Course of Study Advisory Committee**
**For use by District Boards of Ministry**

ਪਹਿਲਾ ਸੰਸਕਰਣ

**ਦਿਸੰਬਰ, 2011**

## ਡਿਸਟਿਕ ਬੋਰਡ ਆਫ ਮਿਨਸਟਰੀ ਲਈ RCOSAC ਆਧਾਰਭੂਤ

## EURASIA ਅਧਿਐਨ ਪਾਠਕ੍ਰਮ ਦੇ ਬਾਰੇ ਪ੍ਰਸ਼ਨ ਅਤੇ ਉੱਤਰ

ਜਰਨਲ ਏਸਮਬਲੀ ਆਫ ਦਾ ਚਰਚ ਆਫ ਦਾ ਨਾਜਰੀਨ ਦੀ ਕਿਰਿਆ ਦੇ ਜਵਾਬ ਵਿੱਚ, EURASIA ਰੀਜ਼ਨ ਨੇ ਸੇਵਕਾਈ ਵਿਕਾਸ ਦੇ ਲਈ ਇੱਕ ਸ੍ਰੋਤ ਕਿਤਾਬ ਨੂੰ ਵਿਕਸਿਤ ਕੀਤਾ ਹੈ ਜੋ ਕਿ ਚਰਚ ਆਫ ਨਾਜ਼ਰੀਨ ਵਿੱਚ ਸੇਵਕਾਂ ਦੀ ਔਰਡੀਨੇਸ਼ਨ ਲਈ ਜਰਨਲ ਏਸਮਬਲੀ ਦੀਆਂ ਮੰਗਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਦਾ ਇਰਾਦਾ ਰੱਖਦੀ ਹੈ।

ਇਹ ਸ੍ਰੋਤ ਕਿਤਾਬ ਵਿਸਥਾਰ ਪੂਰਵਕ ਸੂਚਨਾਵਾਂ ਨੂੰ ਦਿੰਦੀ ਜੋ ਕਿ ਹਰੇਕ ਜਿਲੇ ਜਾਂ ਇਲਾਕੇ ਦੇ ਖੇਤਰ ਵਿੱਚ ਨਿਯੁਕਤੀ ਲਈ ਔਰਤਾਂ ਅਤੇ ਆਦਮੀਆਂ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰੇਗੀ।

ਕੁਝ ਪ੍ਰਸ਼ਨਾਂ ਦਾ ਉੱਤਰ ਦੇਣ ਦੇ ਲਈ ਜਿਹੜੇ ਕਿ ਉੱਠ ਸਕਦੇ ਹਨ, ਰੀਜਨਲ ਕੋਰਸ ਆਫ ਸਟਡੀ ਕਮੇਟੀ ਨੇ ਖੇਤਰ ਵਿੱਚ ਆਉਣ ਵਾਲੇ ਆਗੂਆਂ ਲਈ ਹੇਠਾਂ ਦਿੱਤੇ ਪ੍ਰਸ਼ਨਾਂ ਅਤੇ ਉੱਤਰਾਂ ਨੂੰ ਤਿਆਰ ਕੀਤਾ ਹੈ।

### *1 "ਅਧਿਐਨ ਦਾ ਪਾਠਕ੍ਰਮ" ਕੀ ਹੈ?*

ਇਹ ਇੱਕ ਓਹ ਸ਼ਬਦ ਹੈ ਜਿਸ ਨੂੰ ਕਲੀਸਿਯਾ ਓਰਡੀਨੇਸ਼ਨ ਲਈ ਇੱਕ ਉਮੀਦਵਾਰ ਦੇ ਸਿੱਖਿਆਤਮਕ ਰਾਹ ਵਜੋਂ ਵਰਣਨ ਕਰਦੀ ਹੈ ਜਿਸ ਦਾ ਚਰਚ ਆਫ ਨਾਜ਼ਰੀਨ ਪਾਲਨਾ ਕਰਦਾ ਹੈ। ਇਸ ਦੇ ਵਿੱਚ ਕਲਾਸਾਂ ਦਾ ਇੱਕ ਪਾਠਕ੍ਰਮ ਅਤੇ ਵੈਵਹਾਰਿਕ ਅਨੁਭਵ ਸ਼ਾਮਿਲ ਹੁੰਦਾ ਹੈ ਜੋ ਕਿ ਦੋਹੇਂ ਮਿਲ ਕੇ ਓਹਨਾਂ ਨਤੀਜਿਆਂ ਨੂੰ ਉਤਪੰਨ ਕਰਦੇ ਹਨ ਜੋ ਕਿ ਇੱਕ ਉਮੀਦਵਾਰ ਨੂੰ ਸੇਵਕਾਈ ਲਈ ਤਿਆਰ ਕਰਦੇ ਹਨ।

### *2 "ਖੇਤਰੀ ਸ੍ਰੋਤ ਪੁਸਤਕ (ਰੀਜ਼ਨਲ ਸ੍ਰੋਤਬੁਕ)? ਇਸ ਦਾ ਕੀ ਅਰਥ ਹੈ?*

ਜਨਰਲ ਚਰਚ ਨੇ ਇਹ ਫ਼ੈਸਲਾ ਕੀਤਾ ਕਿ ਇੱਕ "ਇੱਕ ਆਕਾਰ ਸਭਨਾਂ ਲਈ ਢੁੱਕਵਾਂ" ਯੂ. ਐਸ. ਏ. ਤੋਂ ਲਿਆਂਦਾ ਗਿਆ ਸੇਵਕਾਈ ਲਈ ਸਿੱਖਿਆ ਦਾ ਇੱਕ ਨਮੂਨਾ ਵੱਧ ਰਹੀ ਅੰਤਰਰਾਸ਼ਟਰੀ ਕਲੀਸਿਯਾ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦਾ ਹੈ। ਸੇਵਕਾਈ ਦੇ ਲਈ ਪਰਸੰਗ ਮਹੱਤਵਪੂਰਨ ਹੈ। ਇਸ ਲਈ ਅਧਿਐਨ ਦੇ ਪਾਠਕ੍ਰਮ ਨੂੰ ਜਨਰਲ ਚਰਚ ਦੇ ਪੱਧਰ ਦੀ ਬਜਾਏ ਖੇਤਰੀ ਪੱਧਰ ਦੇ ਆਧਾਰ ਤੇ ਨਿਰੀਖਣ ਕਰਨ ਅਤੇ ਪ੍ਰਮਾਣਿਤ ਕਰਨ ਦਾ ਫ਼ੈਸਲਾ ਲਿਆ ਗਿਆ ਸੀ।

ਪਰ, ਕਲੀਸਿਯਾ ਨੇ ਇਹ ਵੀ ਪਛਾਣਿਆ ਹੈ ਕਿ ਸੰਸਾਰ ਦੇ ਵਿੱਚ ਓਰਡੀਨੇਸ਼ਨ ਦਾ ਇੱਕ ਮਾਪਦੰਡ ਇੱਕ ਦੂਜੇ ਦੇ ਨਾਲ ਤੁਲਨਾਯੋਗ ਹੋਣਾ ਚਾਹੀਦਾ ਹੈ ਤਾਂ ਜੋ ਕੋਈ ਵੀ ਖੇਤਰੀ ਨਿਯੁਕਤ ਕੀਤਾ ਹੋਇਆ ਸੇਵਕ ਇੱਕ 'ਦੂਜੀ ਸ਼੍ਰੇਣੀ' ਦਾ ਨਾਗਰਿਕ ਨਾ ਹੋਵੇ।

ਹਰੇਕ ਖੇਤਰ ਨੂੰ ਸੇਵਕਾਈ ਦੀ ਤਿਆਰੀ ਲਈ ਘੱਟ ਤੋਂ ਘੱਟ ਮਾਪਦੰਡਾਂ ਦੇ ਚਾਨਣ ਵਿੱਚ ਇਸ ਦੇ ਆਪਣੇ ਮਾਪਦੰਡਾਂ ਨੂੰ ਜਿਨ੍ਹਾਂ ਨੂੰ ਕਲੀਸਿਯਾ ਵਿਸ਼ਵਾਸ ਕਰਦੀ ਹੈ ਕਿ ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਹੈ, ਨੂੰ ਵਿਕਸਿਤ ਕਰਨ ਦੇ ਲਈ ਆਖਿਆ ਗਿਆ ਸੀ

EURASIA ਇਲਾਕੇ ਨੇ ਸ੍ਰੋਤ ਕਿਤਾਬ ਨੂੰ ਵਿਕਸਿਤ ਕੀਤਾ ਜੋ ਕਿ ਤੁਹਾਡੇ ਵਿੱਚੋਂ ਹਰੇਕ ਦੇ ਕੋਲ ਇਸ ਉਮੀਦ ਦੇ ਨਾਲ ਹੈ।

ਇਹ RCOSAC ਦੁਆਰਾ ਤਿਆਰ ਕੀਤੀ ਗਈ ਸੀ।

### *3 ਮੈਂ ਕਦੇ ਵੀ RCOSAC ਬਾਰੇ ਨਹੀਂ ਸੁਣਿਆ ਹੈ। ਇਹ ਕੀ ਹੈ?*

ਨਾਜ਼ਰੀਨਸ ਦੇ ਕੋਲ ਪਰਵਰਣੀ ਸ਼ਬਦਾਂ ਦਾ ਦਾਨ ਹੈ! ਇਹ ਪਰਵਰਣੀ ਸ਼ਬਦਾ ਦਾ ਅਰਥ ਹੈ ਰੀਜ਼ਨਲ ਕੋਰਸ ਆਫ ਸਟਡੀ ਏਡਵਾਇਸਰੀ ਕਮੇਟੀ। ਇਸ ਦੀ ਮੁੱਢਲੀ ਜ਼ਿੰਮੇਵਾਰੀ ਸਿੱਖਿਆ ਦਾਅਰਿਆਂ ਤੋਂ ਅਧਿਐਨ ਦੇ ਓਰਡੀਨੇਸ਼ਨ ਪਾਠਕ੍ਰਮਾਂ ਲਈ ਪ੍ਰਸਤਾਵਾਂ ਨੂੰ ਪ੍ਰਾਪਤ ਕਰਨਾ ਹੈ (ਜਿਵੇਂ ਕਿ EuNC, EMNBC, SANBC, NTC-Manchester)। ਜਿਲ੍ਹੇ ਆਮ ਤੋਰ ਤੇ ਇਲਾਕੇ ਵਿੱਚ ਇੱਕ ਸਿੱਖਿਆ ਦਾਅਰੇ ਤੋਂ ਅਧਿਐਨ ਦੇ ਇੱਕ ਪਾਠਕ੍ਰਮ ਨੂੰ ਪ੍ਰਮਾਣਿਤ ਕਰਦੇ ਹਨ। ਕਮੇਟੀ ਦਾ ਨਿਸ਼ਾਨਾ ਉਨ੍ਹਾਂ ਦਾ ਨਿਰੀਖਣ ਕਰਨਾ ਅਤੇ ਇੰਟਰਨੈਸ਼ਨਲ ਕੋਰਸ ਆਫ ਸਟਡੀ ਏਡਵਾਈਸਰੀ ਕਮੇਟੀ (ICOSAC) ਦੇ ਅੱਗੇ ਮਨਜ਼ੂਰੀ ਲਈ ਸਿਫਾਰਸ਼ ਕਰਨਾ ਹੈ।

## *4 ਕਮੇਟੀ ਵਿੱਚ ਕੌਣ-ਕੌਣ ਹੁੰਦਾ ਹੈ?*

ਇਹ ਰੀਜਨਲ ਏਜੂਕੇਸ਼ਨ ਕੋਰਡੀਨੇਟਰ (REC) ਦੁਆਰਾ ਸੰਚਾਲਿਤ ਕੀਤੀ ਜਾਂਦੀ ਹੈ ਅਤੇ ਰੀਜ਼ਨਲ ਡਾਇਰੇਕਟਰ ਨੂੰ ਅਤੇ ਇਸ ਦੇ ਨਾਲ ਹੀ ਪਾਦਰੀ ਅਤੇ ਆਮ ਵਿਸ਼ਵਾਸੀਆਂ ਦੇ ਪ੍ਰਤੀਨਿਧੀਆਂ ਅਤੇ EURASIA ਇਲਾਕੇ ਤੋਂ ਸਿੱਖਿਅਕਾਂ ਨੂੰ ਵੀ ਸ਼ਾਮਿਲ ਕਰਦੀ ਹੈ।

## *5 ਇਹ ਲੋਕ ਕਮੇਟੀ ਦੇ ਵਿੱਚ ਕੌਣ ਹਨ?*

ਰੀਜਨਲ ਏਜੂਕੇਸ਼ਨ ਕੋਰਡੀਨੇਟਰ (REC) EURASIA ਵਿੱਚ ਸਿੱਖਿਆ ਦੇ ਲਈ ਜ਼ਿੰਮੇਵਾਰ ਹੁੰਦਾ ਹੈ। ਪਾਦਰੀ ਵਰਗ ਕਮੇਟੀ ਦੇ ਵਿੱਚ ਸ਼ਾਮਿਲ ਕੀਤਾ ਗਿਆ ਹੈ ਤਾਂ ਜੋ ਉਹ ਚਰਚਾਂ ਵਿੱਚ ਸੇਵਕਾਈ ਦੇ ਅਨੁਭਵ ਨੂੰ ਲਿਆ ਸਕਣ। ਆਮ ਲੋਕ ਉਨ੍ਹਾਂ ਦਾ ਪ੍ਰਤੀਨਿਧ ਕਰਦੇ ਹਨ ਜਿਹੜੇ ਕਿ ਕਲੀਸਿਯਾ ਦੁਆਰਾ ਬਚਾਏ ਗਏ ਹਨ ਅਤੇ ਉਨ੍ਹਾਂ ਦੀ ਅਵਾਜ਼ ਲਾਜ਼ਮੀ ਹੈ। EURASIA ਇਲਾਕੇ ਤੋਂ ਸਿੱਖਿਅਕ ਪਾਠਕ੍ਰਮ ਵਿਕਾਸ, ਢਾਂਚੇ, ਚਰਚਾ ਵਿੱਚ ਸਪਰੁਦਗੀ ਅਤੇ ਮੁਲਾਂਕਣ ਵਿੱਚ ਉਨ੍ਹਾਂ ਦੇ ਅਨੁਭਵ ਅਤੇ ਨਿਪੁੰਨਤਾ ਨੂੰ ਲਿਆਉਂਦੇ ਹਨ।

## *6 ਕੀ ਹਰੇਕ ਜਿਲ੍ਹਾ ਨੇ ਇਸ ਦੇ ਆਪਣੇ ਅਧਿਐਨ ਦੇ ਪਾਠਕ੍ਰਮ ਨੂੰ ਵਿਕਸਿਤ ਕਰਦਾ ਹੈ?*

ਨਹੀਂ।

ਇੱਕ ਜਿਲ੍ਹਾ ਇਲਾਕੇ ਵਿੱਚ ਇੱਕ ਸਿੱਖਿਆ ਪ੍ਰਦਾਨ ਕਰਨ ਵਾਲਿਆਂ ਤੋਂ ਇੱਕ ਪ੍ਰਮਾਣਿਤ ਪਾਠਕ੍ਰਮ ਅਧਿਐਨ ਦਾ ਪ੍ਰਯੋਗ ਕਰਨ ਦੇ ਲਈ ਅਜ਼ਾਦ ਹੈ। ਅਸਲ ਦੇ ਵਿੱਚ, ਜਿਆਦਾ ਜਿਲ੍ਹੇ ਠੀਕ ਉਸੇ ਤਰ੍ਹਾਂ ਹੀ ਕਰਦੇ ਹਨ।

ਪਰ ਜੇਕਰ ਤੁਸੀਂ ਤੁਹਾਡੇ ਆਪਣੇ ਅਧਿਐਨ ਪਾਠਕ੍ਰਮ ਨੂੰ ਵਿਕਸਿਤ ਕਰਨਾ ਚਾਹੁੰਦੇ ਹੋ, ਸਹਾਇਤਾ ਉਪਲਬੱਧ ਹੈ (ਹੇਠਾਂ ਦਿੱਤਾ ਪ੍ਰਸ਼ਨ ਨੰਬਰ 13 ਵੇਖੋ)।

## *7 ਇਸ ਤਰ੍ਹਾਂ ਕੀ ਹਰੇਕ ਇਲਾਕਾ ਫੈਸਲਾ ਕਰਦਾ ਹੈ ਕਿ ਇਸ ਦੇ ਇਲਾਕੇ ਵਿੱਚ ਓਰਡੀਨੇਸ਼ਨ ਦੇ ਲਈ ਕੀ ਲੋੜੀਂਦਾ ਹੈ?*

ਇੱਕ ਹੱਦ ਤੀਕ, ਹਾਂ।

ਹਰੇਕ ਇਲਾਕੇ ICOSAC ਦੁਆਰਾ ਮਨਜ਼ੂਰੀ ਲਈ ਇਸ ਦੇ ਆਪਣੇ ਸ੍ਰੋਤਪੁਸਤਕ ਦੇ ਸੰਸਕਰਣ ਨੂੰ ਵਿਕਸਿਤ ਕਰਨ ਦੇ ਲਈ ਆਖਿਆ ਗਿਆ ਸੀ। ਉਹ EURASIA ਦੁਆਰਾ ਕੀਤਾ ਗਿਆ ਹੈ। ਤੁਹਾਡੇ ਕੋਲ ਇਸ ਦੀ ਇੱਕ ਇਲੈਕਟਰੋਨਿਕ ਅਤੇ ਪ੍ਰਕਾਸ਼ਿਤ ਕਾਪੀ ਵੀ ਹੈ।

ਇਹ ਇੱਕ ਨਿਯਮਾਵਲੀ ਦੇ ਅਨੁਸਾਰ ਹੈ। ਸਾਡੇ ਸਾਰਿਆਂ ਦੇ ਕੋਲ ਇੱਕ ਹੈ, ਪਰ ਸੰਭਾਵੀਂ ਬਹੁਤ ਜਿਆਦਾ ਸਮਾਂ ਇਸ ਨੂੰ ਪੜ੍ਹਨ ਦੇ ਵਿੱਚ ਨਹੀਂ ਬਿਤਾਉਂਦੇ ਹਾਂ। ਫਿਰ ਵੀ, ਜੇਕਰ ਤੁਸੀਂ ਓਰਡੀਨੇਸ਼ਨ ਲਈ ਸਿੱਖਿਆ ਨਾਲ ਸੰਬੰਧੀ ਕੁਝ ਵੀ ਕਰਨ ਦਾ ਇਖ਼ਤਿਆਰ ਦਿੱਤੇ ਗਏ ਹੋ, ਤੁਸੀਂ ਸੰਭਾਵੀਂ ਘੱਟੋ ਘੱਟ ਇਸ ਨੂੰ ਇੱਕ ਇਹ ਜਾਣਨ ਲਈ ਪੜ੍ਹੋ ਕਿ ਤੁਹਾਡੇ ਪ੍ਰਸ਼ਨਾਂ ਦੇ ਉੱਤਰਾਂ ਦੇ ਲਈ ਕਿੱਥੇ ਜਾਣਾ ਹੈ।

## *8 ਤੁਸੀਂ ਆਖਿਆ ਕਿ 'ਇੱਕ ਹੱਦ ਤੀਕ।' ਉਹ ਕੁਝ ਮਾਪਦੰਡਾਂ ਦਾ ਸੁਝਾਵ ਦਿੰਦਾ ਹੈ। ਉਹ ਕੀ ਹਨ?*

ਓਰਡੀਨੇਸ਼ਨ ਲਈ ਇੱਕ ਅਧਿਐਨ ਦੇ ਪਾਠਕ੍ਰਮ ਵਿੱਚ ਹੇਠਾਂ ਦਿੱਤਾ ਸ਼ਾਮਿਲ ਹੋਣਾ ਚਾਹੀਦਾ ਹੈ:

ੳ) ਇੱਕ ਘੱਟ ਤੋਂ ਘੱਟ ਤਿੰਨ ਹਜ਼ਾਰ ਵਿਦਿਆਰਥੀ ਦੇ ਸਿੱਖਣ ਦੇ ਘੰਟੇ;

ਅ) ਇੱਕ ਘੱਟ ਤੋਂ ਘੱਟ ਮਾਤਰਾ ਹਰੇਕ '4Cs' (Content, Context, Competency and Character – ਵਿਸ਼ਾ-ਸੂਚੀ, ਪਰਸੰਗ, ਸਮਰੱਥਾ ਅਤੇ ਚਰਿੱਤਰ) ਦੇ ਲਈ ਦਿੱਤੀ ਜਾਣੀ ਚਾਹੀਦੀ ਹੈ;

ੲ) ਇੱਕ ਕਿਰਿਆਸ਼ੀਲ ਸੇਵਕਾਈ ਅਨੁਭਵ ਵਿੱਚ ਇੱਕ ਏਕੀਕਰਣ

ਸ) ਇੱਕ ਸੱਭਿਆਚਾਰਕ ਢੁੱਕਵਾਂ ਪੱਧਰ ਅਤੇ ਸਿੱਖਿਆ ਦੀ ਵਿਸ਼ਾ-ਸੂਚੀ;

ਹ) "ਨਤੀਜਾ-ਅਧਾਰਿਤ' ਮੁਲਾਂਕਣ, ਜਿਹੜਾ ਕਿ '4Cs' ਦੇ ਸ਼ਬਦਾਂ ਵਿੱਚ ਸਿੱਖਿਆ ਦੇ **ਨਤੀਜਿਆਂ** ਨੂੰ ਮਾਪਦਾ ਹੈ। ਬਲ ਸੇਵਕਾਂ ਦੀ ਯੋਗਤਾ ਦੇ ਉੱਤੇ ਹੈ ਜਿਹੜੇ ਕਿ ਇੱਕ ਸਮੁੱਚੇ ਢੰਗ ਵਜੋਂ ਪਾਠਕ੍ਰਮ ਰਾਹੀਂ ਆਉਂਦੇ ਹਨ ਬਜਾਏ ਇਸ ਦੇ ਕਿ ਪਾਠਕ੍ਰਮ ਵਿੱਚ **ਯੋਗਦਾਨ** ਦੇ ਜਾਂ ਇੱਕ ਸਹੀ ਦਾ ਨਿਸ਼ਾਨ ਲਗਾਉਣ ਦੀ ਸੂਚੀ ਨੂੰ ਭਰ ਕੇ ਸੌਂਪਿਆ ਗਿਆ ਸੀ। ਨਤੀਜਾ ਅਧਾਰਿਤ ਮੁਲਾਂਕਣ ਪ੍ਰਸ਼ਨ ਪੁੱਛਣਾ ਹੈ ਕਿ ਕੀ ਇਹ ਵਿਅਕਤੀ ਸੇਵਕ ਹੋਣ ਦੇ ਲਈ ਤਿਆਰ ਹੈ ਬਜਾਏ ਇਸ ਦੇ ਕਿ ਕੀ ਉਨ੍ਹਾਂ ਨੇ ਨਿਯਤ ਪਾਠਕ੍ਰਮ ਨੂੰ ਪੂਰਾ ਕਰ ਲਿਆ ਹੈ ਜਾਂ ਨਹੀਂ।

ਇਨ੍ਹਾਂ ਵਿੱਚੋਂ ਹਰੇਕ ਦਾ ਵੇਰਵਾ ਸ੍ਰੋਤਪੁਸਤਕ ਦੇ ਵਿੱਚ ਹੈ।

## *9 ਇਸ ਤਰ੍ਹਾਂ, ਕੀ ਇਸ ਨੇ ਜਿਲ੍ਹਿਆਂ ਦੀ ਭੂਮਿਕਾ ਜਾਂ ਜ਼ਿੰਮੇਵਾਰੀ ਨੂੰ ਲੁੱਟ ਲਿਆ ਹੈ?*

ਬਿਲਕੁਲ ਵੀ ਨਹੀਂ। ਡਿਸਟਿਕ ਬੋਡਰ ਆਫ ਮਿਨਸਟਰੀ ਜਾਂ ਬੋਰਡ ਆਫ ਸਟਡੀ ਨੇ ਸਦਾ ਜਰਨਲ ਸੂਪਰੀਡੈਂਟ ਅਤੇ ਡਿਸਟਿਕ ਐਸਮਬਲੀ ਤੋਂ ਓਰਡੀਨੇਸ਼ਨ ਤੋਂ ਪਹਿਲਾਂ ਸਦਾ ਪੁਸ਼ਟੀ ਕੀ ਹੈ ਕਿ ਕੀ ਉਮੀਦਵਾਰ ਨੇ ਅਧਿਐਨ ਪਾਠਕ੍ਰਮ ਨੂੰ ਪੂਰਾ ਕੀਤਾ ਹੈ ਜਾਂ ਨਹੀਂ। ਓਹ ਬਦਲਿਆ ਨਹੀਂ ਹੈ।

ਅਸਲ ਦੇ ਵਿੱਚ, ਇਨ੍ਹਾਂ ਬੋਰਡ ਦੇ ਉੱਤੇ ਕੁਝ ਵਾਧੂ ਜ਼ਿੰਮੇਵਾਰੀਆਂ ਪਾ ਦਿੱਤੀਆਂ ਗਈਆਂ ਹਨ, ਖਾਸ ਕਰਕੇ ਨਵੇਂ ਪਰਵਾਨਗੀ ਦਿੱਤੇ ਜਿਲ੍ਹੇ ਦੇ ਸੇਵਕਾਂ ਅਤੇ ਨਮੂਨਾ ਸੇਵਕਾਈ ਦੀ ਨਿਗਾਹਬਾਨੀ ਕਰਨ ਵਿੱਚ।

## *10 ਇਸ ਤਰ੍ਹਾਂ, ਤਦ ਬਦਲਿਆ ਕੀ ਹੈ?*

ਪਹਿਲਾਂ, ਅਧਿਐਨ ਪਾਠਕ੍ਰਮ ਨਿਯਮਾਵਲੀ ਦੁਆਰਾ ਨੀਯਤ ਕੀਤਾ ਗਿਆ ਸੀ ਅਤੇ ਹਰੇਕ ਦੇ ਲਈ ਕੈਨਸਸ ਸ਼ਹਿਰ ਦੇ ਵਿੱਚ ਸਥਾਪਿਤ ਕੀਤਾ ਗਿਆ ਸੀ। ਹਰੇਕ ਸਿੱਖਿਆ ਪ੍ਰਬੰਧਕ ਨੇ – ਕਾਲੇਜ ਅਤੇ ਜਿਲ੍ਹੇ – ਉਸ ਅਧਿਐਨ ਪਾਠਕ੍ਰਮ ਦੀ ਪਾਲਨਾ ਕਰਨੀ ਹੁੰਦੀ ਸੀ।

ਹੁਣ, ਹਰੇਕ ਸਿੱਖਿਆ ਪ੍ਰਦਾਨ ਕਰਨ ਵਾਲਾ – ਕਾਲੇਜ ਅਤੇ ਜਿਲ੍ਹੇ – ਇੱਕ ਅਧਿਐਨ ਦੇ ਪਾਠਕ੍ਰਮ ਨੂੰ ਤਿਆਰ ਕਰ ਸਕਦੇ ਹਨ ਜੋ ਕਿ ਇਸ ਦੇ ਖੇਤਰ ਦੀ ਲੋੜ ਲਈ ਢੁੱਕਵਾਂ ਹੈ ਅਤੇ RCOSAC ਤੋਂ ਇਸ ਦੀ ਮਨਜ਼ੂਰੀ ਪ੍ਰਾਪਤ ਕਰ ਸਕਦੇ ਹਨ। ਇਸ ਲਈ, ਪਾਠਕ੍ਰਮ ਵਿਸ਼ਾ-ਸੂਚੀ ਹੁਣ ਕੈਨਸਸ ਸ਼ਹਿਰ ਤੋਂ ਨਿਰਧਾਰਿਤ ਹੋਣ ਦੀ ਬਜਾਏ ਸਿੱਖਿਆ ਪ੍ਰਬੰਧਕਾਂ ਤੋਂ ਪ੍ਰਗਟ ਹੋਣੀ ਹੁੰਦੀ ਹੈ (ਕਾਲੇਜ, ਜਿਲ੍ਹੇ ਜਾਂ ਕੰਨਸਲਟੇਸ਼ਨ ਕਾਲੇਜ ਵਿੱਚ ਖੇਤਰ)।

## *11 ਆਹ, ਕੀ ਅਸੀਂ ਜੋ ਕੁਝ ਵੀ ਅਸੀਂ ਚਾਹੁੰਦੇ ਹਾਂ ਉਸ ਨੂੰ ਅਧਿਐਨ ਪਾਠਕ੍ਰਮ ਵਿੱਚ ਸ਼ਾਮਿਲ ਕਰ ਸਕਰਦੇ ਹਾਂ?*

ਹਾਂ, ਪਰ ਉੱਪਰ ਦਿੱਤੇ ਪ੍ਰਸ਼ਨ 8 ਦੀ ਹੱਦ ਦੇ ਅੰਦਰ ਰਹਿ ਕੇ ਹੀ।

ਸੰਸਥਾ ਇੱਕ ਸੰਪੂਰਣ ਵਜੋਂ ਇਹ ਭਰੋਸਾ ਚਾਹੁੰਦੀ ਹੈ ਕਿ ਤੁਸੀਂ ਸੇਵਕਾਈ ਦੇ ਲਈ ਲੋਕਾਂ ਨੂੰ ਸਿੱਖਿਆ ਦੇ ਰਹੇ ਹੋ ਜਿਹੜੇ ਕਿ ਸਿਧਾਂਤ ਅਤੇ ਅਭਿਆਸ ਦੀ ਇੱਕਰੂਪਤਾ ਵਿੱਚ ਨਾਜ਼ਰੀਨ ਹਨ। ਇਸ ਕਰਕੇ ਹੀ ਇੱਥੇ ਪ੍ਰਮਾਣਿਤ ਅਧਿਐਨ ਪਾਠਕ੍ਰਮ ਦੇ ਘੱਟ ਤੋਂ ਘੱਟ ਮਾਪਦੰਡ ਹਨ।

ਇਸ ਤਰ੍ਹਾਂ, ਅਸੀਂ ਚਾਹੁੰਦੇ ਹਾਂ ਕਿ ਇੱਕ ਇਲਾਕੇ ਤੋਂ ਨਿਯੁਕਤ ਕੀਤਾ ਗਿਆ ਸੇਵਕ, ਹਰੇਕ ਅੰਸ਼ ਤੋਂ ਕਿਸੇ ਹੋਰ ਇਲਾਕੇ ਵਿੱਚ ਇੱਕ ਯੋਗ ਤਿਆਰ ਕੀਤੇ ਗਏ ਸੇਵਕ ਵਰਗਾ ਹੀ ਹੋਵੇ, ਅਤੇ ਵਿਖਾਈ ਦੇਵੇ। ਓਹ ਅਜ਼ਾਦ ਸਭਾਵਾਂ ਕਲੀਸਿਯਾਵਾਂ ਦੀ ਇੱਕ ਲੜੀ ਨਾ ਹੋਣ ਦੇ ਲਾਭਾਂ ਵਿੱਚੋਂ ਇੱਕ ਹੋ ਸਕਦਾ ਹੈ ਜਿੱਥੇ ਕਿ ਹਰੇਕ ਕਲੀਸਿਯਾ ਜਾਂ ਜਿਲ੍ਹਾ "ਜੋ ਉਸ ਦੀਆਂ ਆਪਣੀਆਂ ਨਜ਼ਰਾਂ ਵਿੱਚ ਸਹੀ ਪ੍ਰਤੀਤ ਹੁੰਦਾ ਓਹ ਕਰਦਾ ਹੈ।"

## *12 ਇਸ ਤਰ੍ਹਾਂ, ਕੀ ਇੱਥੇ ਸਾਡੇ ਜਿਲ੍ਹੇ ਤੇ ਇੱਕ ਅਧਿਐਨ ਪਾਠਕ੍ਰਮ ਲਈ ਮਨਜ਼ੂਰੀ ਪ੍ਰਾਪਤ ਕਰਨ ਲਈ ਇੱਕ ਸਾਧਾਰਨ ਪ੍ਰੀਕ੍ਰਿਆ ਹੈ?*

ਸੰਖੇਪ ਉੱਤਰ ਹੈ, 'ਹਾਂ।' ਇਹ ਦੋ ਢੰਗਾਂ ਵਿੱਚ ਕੀਤਾ ਜਾ ਸਕਦਾ ਹੈ:

ੳ) ਤੁਸੀਂ EURASIA ਇਲਾਕੇ ਦੇ ਸਿੱਖਿਆ ਪ੍ਰਦਾਨ ਕਰਨ ਵਾਲਿਆਂ ਵਿੱਚੋਂ ਇੱਕ ਨੂੰ ਤੁਹਾਡੇ ਬਦਲੇ ਇੱਕ ਅਧਿਐਨ ਪਾਠਕ੍ਰਮ ਨੂੰ ਪੇਸ਼ ਕਰਨ ਲਈ ਆਖ ਸਕਦੇ ਹੋ ਜੋ ਕਿ ICOSAC ਦੀਆਂ ਮੰਗਾਂ ਨੂੰ ਪੂਰਾ ਕਰਦਾ ਹੈ। ਜਾਂ, ਤੁਸੀਂ ਤੁਹਾਡੇ ਸਿੱਖਿਆ ਪ੍ਰਦਾਨ ਕਰਨ ਵਾਲੇ ਨਾਲ ਅਧਿਐਨ ਪਾਠਕ੍ਰਮ ਨੂੰ ਵਿਕਸਿਤ ਕਰਨ ਲਈ ਕੰਮ ਕਰ ਸਕਦੇ ਹੋ।

ਅ) ਤੁਸੀਂ ਤੁਹਾਡੇ ਆਪਣੇ ਜਿਲ੍ਹਾ ਅਧਿਐਨ ਪਾਠਕ੍ਰਮ ਨੂੰ ਵਿਕਸਿਤ ਕਰ ਸਕਦੇ ਹੋ ਅਤੇ ਇਸ ਨੂੰ ਮਨਜ਼ੂਰੀ ਦੇ ਲਈ RCOSAC ਨੂੰ ਸੌਂਪ ਸਕਦੇ ਹੋ।

***<u>13 ਇਹ ਸਭ ਕੁਝ ਇੱਕ ਕਾਫੀ ਸਾਰਾ ਕੰਮ ਪ੍ਰਤੀਤ ਹੁੰਦਾ ਹੈ। ਅਤੇ, ਕਾਫੀ ਸਪੱਸ਼ਟਤਾ ਨਾਲ, ਮੈਂ ਇੱਕ ਯੁੱਧਨੀਤਕ ਕੋਰਡੀਨੇਟਰ ਵਜੋਂ ਜਾਂ DS ਵਜੋਂ ਸੇਵਕਾਈ ਵਿੱਚ ਰੁੱਝਿਆ ਹੋਇਆ ਵਿਅਕਤੀ ਹਾਂ ਅਤੇ ਮੇਰੇ ਕੋਲ ਇਹ ਸਭ ਨੂੰ ਇਕੱਠਾ ਤਿਆਰ ਕਰਨ ਲਈ ਸਮਾਂ ਨਹੀਂ ਹੈ। ਕੀ ਇੱਥੇ ਸਹਾਇਤਾ ਉਪਲਬੱਧ ਹੈ?</u>***

ਹਾਂ, ਇੱਥੇ ਕਾਫੀ ਸਾਰਾ ਕੰਮ ਸ਼ਾਮਿਲ ਹੁੰਦਾ ਹੈ। ਅਤੇ ਇਹ ਸੰਭਾਵੀਂ ਇੱਕ ਸਿੱਖਿਆ ਪ੍ਰਦਾਨ ਕਰਨ ਵਾਲੇ ਅਦਾਰੇ ਦੁਆਰਾ ਪ੍ਰਬੰਧ ਕੀਤੇ ਇੱਕ ਨਮੂਨੇ ਦਾ ਪ੍ਰਯੋਗ ਕਰਨਾ ਪਸੰਦ ਕੀਤਾ ਜਾਂਦਾ ਹੈ। ਪਰ ਜੇਕਰ ਤੁਹਾਡਾ ਜਿਲ੍ਹਾ ਜਾਂ ਖੇਤਰ ਚੰਗੇ ਕਾਰਨਾਂ ਲਈ ਫੈਸਲਾ ਕਰਦਾ ਹੈ ਕਿ ਇਹ ਇਸ ਦੇ ਆਪਣੇ ਅਧਿਐਨ ਪਾਠਕ੍ਰਮ ਨੂੰ ਵਿਕਸਿਤ ਕਰਨਾ ਚਾਹੁੰਦਾ ਹੈ, ਤਾਂ ਸਹਾਇਤਾ ਉਪਲਬੱਧ ਹੈ।

ਪਹਿਲਾਂ, ਸੇਵਕ ਦੇ ਵਿਕਾਸ ਲਈ ਸ੍ਰੋਤਪੁਸਤਕ ਵਿੱਚ ਇੱਕ ਭਾਗ ਹੈ ਜਿਹੜਾ ਕਿ ਕਦਮ-ਦਰ-ਕਦਮ ਅਧਿਐਨ ਪਾਠਕ੍ਰਮ ਨੂੰ ਵਿਕਸਿਤ ਕਰਨ ਲਈ ਮਾਰਗ-ਦਰਸ਼ਣ ਦਿੰਦਾ ਹੈ।

ਦੂਜਾ, ਨਮੂਨੇ ਜਿਹੜੇ ਕਿ ਪਹਿਲਾਂ ਤੋਂ ਹੀ ਪ੍ਰਮਾਣਿਤ ਕੀਤੇ ਗਏ ਹਨ - ਅਤੇ ਇੱਥੇ ਹੋਰ ਵੀ ਬਹੁਤ ਹਨ - ਨਵੇਂ ਪਾਠਕ੍ਰਮਾਂ ਲਈ ਇੱਕ ਆਧਾਰ ਵਜੋਂ ਸੇਵਾ ਕਰਨਗੇ। ਤੁਸੀਂ ਉਨ੍ਹਾਂ ਨੂੰ ਇੱਕ ਨਮੂਨਾ ਪਰਚੀ ਵਜੋਂ ਪ੍ਰਯੋਗ ਕਰ ਸਕਦੇ ਹੋ ਜੋ ਢੁੱਕਵੀਂ ਸੂਚਨਾ ਦੇ ਨਾਲ ਅਨੁਕੂਲ ਕੀਤਾ ਜਾ ਸਕਦਾ ਹੈ।

ਤੀਜਾ, ਇਲਾਕੇ ਦੇ ਵਿੱਚ ਸਿੱਖਿਆ ਪ੍ਰਬੰਧਕ ਸਦਾ ਮਨਜ਼ੂਰੀ ਦੇ ਲਈ ਉਨ੍ਹਾਂ ਦੇ ਆਪਣੇ ਅਧਿਐਨ ਪਾਠਕ੍ਰਮ ਨੂੰ ਵਿਕਸਿਤ ਕਰਨ ਦੇ ਲਈ ਇੱਕ ਦੂਜੇ ਦੀ ਸਹਾਇਤਾ ਕਰਦੇ ਹਨ।

ਚੌਥਾ, ਯਾਦ ਰੱਖੋ ਕਿ ਇਲਾਕੇ ਦੇ ਵਿੱਚ ਸਿੱਖਿਆ ਪ੍ਰਬੰਧ ਕਰਨ ਵਾਲੇ ਤੁਹਾਨੂੰ ਜੋ ਕੁਝ ਵੀ ਤੁਸੀਂ ਇੱਕ ਬੋਰਡ ਜਾਂ FSC ਵਜੋਂ ਮਹਿਸੂਸ ਕਰਦੇ ਕਿ ਤੁਹਾਡੀ ਸਥਿਤੀ ਲਈ ਢੁੱਕਵਾਂ ਢੰਗ ਹੈ ਵਿੱਚ ਸਹਾਇਤਾ ਕਰਨ ਲਈ ਇੱਥੇ ਹਨ।

ਪੰਜਵਾਂ, REC ਇੱਕ ਅਨਮੋਲ ਸ੍ਰੋਤ ਹੈ ਅਤੇ ਜਿਵੇਂ ਢੁੱਕਵਾਂ ਹੋਵੇ ਇਸਤੇਮਾਲ ਕੀਤੇ ਜਾਣ ਲਈ

***<u>14 ਸਾਡੇ ਕੋਲ ਇੱਕ ਮਨਜ਼ੂਰਸ਼ੁਦਾ ਅਧਿਐਨ ਪਾਠਕ੍ਰਮ ਹੈ। ਓਹ ਉਨ੍ਹਾਂ ਦੇ ਲਈ ਚੰਗਾ ਹੈ ਜਿਹੜੇ ਕਿ ਇੱਕ ਸਾਫ ਨਿਯਮਿਤ ਰਾਹ ਹੁੰਦਾ ਹੈ। ਪਰ ਛੋਟ ਦੇ ਬਾਰੇ ਕੀ ਹੈ? ਉਦਾਹਰਣ ਦੇ ਲਈ, ਸਾਡੇ ਕੋਲ ਇੱਕ ਉਮੀਦਵਾਰ ਹੈ ਜਿਸਨੇ ਇੱਕ ਵਿਸ਼ਵਵਿਦਿਆਲਾ ਤੋਂ ਅਧਿਆਤਮਕ ਸਿੱਖਿਆ ਦੇ ਇੱਕ ਵਿੱਚ ਡਿਗਰੀ ਪ੍ਰਾਪਤ ਕੀਤੀ ਹੈ। ਸਾਨੂੰ ਉਸ ਨਾਲ ਕਿਵੇਂ ਵਿਹਾਰ ਕਰਨਾ ਚਾਹੀਦਾ ਹੈ?</u>***

ਛੋਟ ਸਦਾ ਚੁਨੌਤੀ ਵਜੋਂ ਹੈ। ਸਿੱਖਿਆ ਅਦਾਰਿਆਂ ਨੂੰ ਉਨ੍ਹਾਂ ਨਾਲ ਹਰ ਸਮੇਂ ਹੱਲ ਕਰਨਾ ਹੁੰਦਾ ਹੈ। ਦੋ ਸਿਧਾਂਤ ਜਿਹੜੇ ਕਿ ਸਿੱਖਿਆ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ ਸਮਤੁੱਲ ਅਤੇ ਢੁੱਕਵੇਂ ਹਨ। ਤੁਹਾਨੂੰ ਇੱਕ ਜਿਲੇ ਵਜੋਂ ਉਸ ਪਰਖ ਨੂੰ ਕਰਨਾ ਹੋਵੇਗਾ ਕਿ ਕੀ ਸਿੱਖਿਆ ਉਸ ਮਨਜ਼ੂਰ ਕੀਤੇ ਅਧਿਐਨ ਪਾਠਕ੍ਰਮਾਂ ਦੀ ਤੁਲਨਾ ਵਿੱਚ ਉਨ੍ਹਾਂ ਮਾਪਦੰਡਾਂ ਨੂੰ ਪੂਰਾ ਕਰਦੀ ਹੈ ਜਾਂ ਨਹੀਂ।

ਅਸਲ ਦੇ ਵਿੱਚ, ਇਹ ਉਨ੍ਹਾਂ ਸੌਖਾ ਨਹੀਂ ਹੈ ਜਿਨ੍ਹਾਂ ਕਿ ਇੱਕ ਵਿਅਕਤੀ ਸੋਚ ਸਕਦਾ ਹਾਂ ਕਿਉਂ ਜੋ ਇੱਕ ਹੋਰ ਸਿੱਖਿਆ ਅਦਾਰੇ ਵਿੱਚ ਦਿੱਤਾ ਗਿਆ ਇੱਕ ਪਾਠਕ੍ਰਮ ਦਾ ਲੋਕਾਚਾਰ ਸੰਸਥਾਂ ਦੇ ਮਿਸ਼ਨ ਅਤੇ ਅਧਿਆਤਮਕ ਦਿਸ਼ਾ ਦੇ ਨਾਲ ਇੱਕ ਨੇੜੇ ਤੋਂ ਢੁੱਕਵਾਂ ਬੈਠਦਾ ਨਹੀਂ ਹੋ ਸਕਦਾ ਹੈ।

ਜੇਕਰ ਤੁਸੀਂ ਤੁਹਾਡੇ ਇਲਾਕੇ ਦੇ ਵਿੱਚ ਤੁਹਾਡੇ ਸਿੱਖਿਆ ਪ੍ਰਬੰਧਕ ਨੂੰ ਪੁੱਛੋ, ਉਹ ਇਨ੍ਹਾਂ ਉਚੇਚਿਆਂ ਸਥਿਤੀਆਂ ਲਈ ਤੁਹਾਨੂੰ ਸਲਾਹ ਦੇਣ ਦੇ ਲਈ ਇਛੁੱਕ ਹੋਵੇਗਾ। ਤਦ ਤੁਸੀਂ ਜਿਵੇਂ ਤੁਸੀਂ ਫ਼ੈਸਲਾ ਕਰਦੇ, ਇਸ ਸਲਾਹ ਨੂੰ ਲੈਣਾ ਜਾਂ ਨਹੀਂ ਲੈਣਾ ਚੁਣ ਸਕਦੇ ਹੋ।

ਅੰਤ ਵਿੱਚ, ਡਿਸਟਿਕ ਬੋਰਡ ਜਰਨਲ ਸੁਪਰੀਡੈਂਟ ਅਤੇ ਡਿਸਟਿਕ ਏਸਮੈਂਬਲੀ ਨਾਲ ਪੁਸ਼ਟੀ ਕਰਨ ਜਾ ਰਿਹਾ ਹੈ ਕਿ ਉਮੀਦਵਾਰ ਨੇ ਮਨਜ਼ੂਰਸ਼ੁਦਾ ਅਧਿਐਨ ਪਾਠਕ੍ਰਮ ਨੂੰ ਪੂਰਾ ਕੀਤਾ ਹੈ ਜਾਂ ਨਹੀਂ। ਬਦਲੇ ਵਿੱਚ ਕਲੀਸਿਯਾ ਇਸ ਦੀ ਸੇਵਕਾਈ ਦੀ ਅਖੰਡਤਾ ਵਾਸਤੇ ਇਨ੍ਹਾਂ ਸਿਫਾਰਸ਼ਾਂ ਦੀ ਅਖੰਡਤਾ ਤੇ ਨਿਰਭਰ ਹੁੰਦੀ ਹੈ।

***15 ਅਤੇ ਕੀ ਜੇਕਰ ਇੱਕ ਉਮੀਦਵਾਰ ਕੋਲ ਇੱਕ ਡਿਗਰੀ ਹੈ, ਸੰਭਾਵੀਂ ਕਿ ਇੱਕ ਅਧਿਆਤਮਕ ਡਿਗਰੀ ਨਹੀਂ, ਅਤੇ ਇੱਕ ਉਹ ਇੱਕ ਆਪਣੇ ਪੇਸ਼ੇ ਦੇ ਨਾਲ-ਨਾਲ ਸੇਵਕ ਵੀ ਹੋ ਸਕਦਾ ਹੈ? ਜਾਂ ਉਦਾਹਰਣ ਦੇ ਲਈ, ਦੋ ਦੂਜੇ-ਪੇਸ਼ੇ/ਕਿੱਤੇ ਦੇ ਉਮੀਦਾਵਰਾਂ ਦੇ ਬਾਰੇ ਕੀ ਹੈ?***

ਇਸ ਇਲਾਕੇ ਤੇ ਸਿੱਖਿਆ ਪ੍ਰਦਾਨ ਕਰਨ ਵਾਲਿਆਂ ਨੇ ਇਹ ਪਛਾਣਿਆ ਹੈ ਕਿ ਸਾਡੇ ਭਵਿੱਖ ਦੇ ਵਿੱਚ ਸਾਡੇ ਸੇਵਕਾਂ ਦੀ ਇੱਕ ਵੱਧਦੀ ਹੋਈ ਗਿਣਤੀ ਇੱਕ ਪੇਸ਼ੇ ਦੇ ਨਾਲ ਹੀ ਜਾਂ ਦੂਜੇ-ਪੇਸ਼ੇ ਦੇ ਲੋਕਾਂ ਦੀ ਹੋਵੇਗੀ। ਇਹ ਕਲੀਸਿਯਾ, ਵਿਅਕਤੀ ਅਤੇ ਪ੍ਰਬੰਧ ਕਰਨ ਵਾਲੇ ਤੇ ਇੱਕ ਚੁਨੌਤੀਆਂ ਨੂੰ ਪੇਸ਼ ਕਰਦਾ ਹੈ। ਪਰ ਉਹ ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਢੰਗਾਂ ਨੂੰ ਭਾਲ ਰਹੇ ਹਨ।

ਪਹਿਲਾਂ, ਹੁਣ ਸਪੁਰਦਗੀ ਦੇ ਇੱਕ ਵੱਡੀ ਮਾਤਰਾ ਦੇ ਵਿੱਚ ਵਿਕਲਪ ਮੌਜ਼ੂਦ ਹਨ ਅਤੇ ਸੇਵਕਾਈ ਸਿੱਖਿਆ ਵਿੱਚ ਬੇਹੱਦ ਮਹੱਤਵਪੂਰਨ ਬਣ ਜਾਣਗੇ। ਇਸ ਲਈ ਇਹ ਉਮੀਦਵਾਰ ਵਿਚਾਰਯੋਗ ਸੀਮਾਵਾਂ ਦੇ ਅੰਦਰ ਰੱਖੇ ਜਾ ਸਕਦੇ ਹਨ।

ਦੂਜਾ, ਪ੍ਰਦਾਨ ਕਰਨ ਵਾਲੇ ਦੂਜੇ ਕਿੱਤਿਆਂ ਦੇ ਵਿੱਚ ਸਾਵਧਾਨੀ ਨਾਲ ਉੱਤਮ ਅਭਿਆਸਾਂ ਨੂੰ ਲੱਭ ਰਹੇ ਹਨ ਜੋ ਕਿ ਜਿਆਦਾ ਪੇਸ਼ੇ-ਖਾਸ ਪ੍ਰੋਸਟਗਰੈਜੂਏਟ ਪਾਠਕ੍ਰਮਾਂ ਵਿੱਚ ਡਿਗਰੀਆਂ ਦੇ 'ਬਦਲਾਵ' ਨੂੰ ਯੋਗ ਬਣਾਉਂਦੇ ਹਨ। ਉਦਾਹਰਣ ਦੇ ਲਈ, ਕੁਝ ਪਰਸੰਗਾਂ ਵਿੱਚ ਅਧਿਆਪਕ ਸੇਵਾ ਵਿੱਚ ਕਲਾਸਾਂ ਅਤੇ ਮੁਲਾਂਕਣ ਨਿਰਧਾਰਿਤ ਅਭਿਆਸ ਦੇ ਮੇਲ ਰਾਹੀਂ ਯੋਗ ਬਣ ਸਕਦੇ ਹਨ। ਇਸੇ ਤਰ੍ਹਾਂ ਦੇ 'ਬਦਲਾਵ' ਸਾਡੀ ਪ੍ਰਣਾਲੀ ਦੇ ਵਿੱਚ ਉਪਲਬੱਧ ਹਨ ਜੋ ਕਿ ਪਿਛਲੀ ਸਿੱਖਿਆ ਅਤੇ ਅਨੁਭਵ ਨੂੰ ਲੇਖੇ ਵਿੱਚ ਲੈਂਦੇ ਹਨ ਜਦੋਂ ਕਿ ਇਹ ਨਿਸ਼ਚਿਤ ਕਰਦੇ ਹੋਏ ਕਿ ਸੇਵਕਾਈ ਸਿੱਖਿਆ ਦੇ ਲਈ ਲਾਜ਼ਮੀ ਗੱਲਾਂ ਨੂੰ ਪੂਰਾ ਕੀਤਾ ਜਾਵੇ।

ਜੇਕਰ ਤੁਹਾਡੇ ਕੋਲ ਇੱਕ ਉਮੀਦਵਾਰ ਹੈ ਜਿਹੜੇ ਕਿ ਇਨ੍ਹਾਂ ਸਥਿਤੀਆਂ ਦੇ ਵਿੱਚ ਹਨ, ਤੁਹਾਡੇ ਸਿੱਖਿਆ ਪ੍ਰਬੰਧਕ ਦੇ ਨਾਲ ਜਿਨ੍ਹੀ ਛੇਤੀ ਮੌਕਾ ਹੋ ਸਕਦੇ ਇਹ ਵੇਖਣ ਲਈ ਸਲਾਹ ਕਰਨੀ ਚਾਹੀਦੀ ਹੈ ਕਿ ਇਹ ਪ੍ਰਬੰਧ ਕਿਵੇਂ ਹਰੇਕ ਵਿਅਕਤੀਗਤ ਸਥਿਤੀ ਦੇ ਵਿੱਚ ਕੰਮ ਕਰ ਸਕਦੇ ਹਨ।

ਇੱਕ ਬੋਰਡ ਆਫ ਮਿਨਸਟਰੀ ਹੁੰਦੇ ਹੋਏ, ਇਹ ਸਥਿਤੀਆਂ ਜੇਕਰ ਇਨ੍ਹਾਂ ਨੇ ਓਰਡੀਨੇਸ਼ਨ ਦੇ ਲਈ ਉਚਿਤ ਢੰਗ ਨਾਲ ਵਿਕਸਿਤ ਹੋਣਾ ਹੈ ਤਾਂ ਉਮੀਦਵਾਰਾਂ ਦੇ ਜਿਆਦਾ ਸੰਕਲਪੀ ਮਾਰਗ-ਦਰਸ਼ਣ ਨੂੰ ਸੱਦੇਗੀ। ਬੋਰਡ ਨੂੰ ਇਹ ਕਲਪਨਾ ਨਹੀਂ ਕਰਨੀ ਚਾਹੀਦੀ ਹੈ ਕਿ ਦੂਜੇ-ਪੇਸ਼ੇ ਦੇ ਉਮੀਦਵਾਰਾਂ ਨੂੰ ਘੱਟ ਮਾਰਗ-ਦਰਸ਼ਣ ਦੀ ਲੋੜ ਹੁੰਦੀ ਹੈ; ਉਨ੍ਹਾਂ ਨੂੰ ਇੱਕ ਹੋਰ ਕਿਸਮ ਦੇ ਮਾਰਗ-ਦਰਸ਼ਣ ਦੀ ਲੋੜ ਹੋ ਸਕਦੀ ਹੈ ਪਰ ਘੱਟ ਨਹੀਂ।

***16 ਸਾਡੀ ਸੇਵਕਾਈ ਤੇਜੀ ਨਾਲ ਵੱਧ ਰਹੀ ਹੈ। ਅਸੀਂ ਆਗੂਆਂ ਦੀ ਲੋੜ ਨੂੰ ਕਿਵੇਂ ਪੂਰਾ ਕਰ ਸਕਦੇ ਹਾਂ?***

ਇਹ ਯਕੀਨਨ, ਇੱਕ ਬਹੁਤ ਵੱਡਾ ਪ੍ਰਸ਼ਨ ਹੈ। ਸ੍ਰੋਤਪੁਸਤਕ ਇਸ ਦੀ ਉਮੀਦ ਕਰਦੀ ਹੈ, ਇਸ ਤਰ੍ਹਾਂ, ਅਤੇ ਲੋੜਾਂ ਨੂੰ ਪੂਰਾ ਕਰਨ ਦੇ ਲਈ ਪਰਸੰਗ ਅਨੁਸਾਰ ਢੁੱਕਵੇਂ ਢੰਗਾਂ ਨੂੰ ਵਿਕਸਿਤ ਕਰਨ ਦੇ ਲਈ ਦਿਸ਼ਾ-ਨਿਰਦੇਸ਼ਾਂ ਨੂੰ ਰੱਖਦੀ ਹੈ।

RCOSAC ਦੇ ਦ੍ਰਿਸ਼ਟੀਕੋਣ ਤੋਂ ਕੁੰਜੀ ਵਿਸ਼ਾ ਇਹ ਵਿਖਾਉਣ ਦੇ ਲਈ ਹੈ ਕਿ ਉੱਪਰ ਦਿੱਤੇ ਗਏ ਅੱਠਵੇਂ ਪ੍ਰਸ਼ਨ ਵਿੱਚ ਉਮੀਦਾਂ ਨੂੰ ਪੂਰਾ ਕਰਨ ਲਈ ਤੁਸੀਂ ਕਿਵੇਂ ਚਾਹਿਆ ਸੀ ਨੂੰ **ਤੁਹਾਡੇ ਖਾਸ ਪਰਸੰਗ ਵਿੱਚ** ਸੰਬੋਧਿਤ ਕੀਤਾ ਗਿਆ ਹੈ।

ਤੁਹਾਡਾ ਪ੍ਰਸਤਾਵ ਪਰਸੰਗ ਦੇ ਤੁਹਾਡੇ ਪ੍ਰਦਰਸ਼ਣ ਦੇ ਆਧਾਰ ਤੇ, ਪ੍ਰਸਤਾਵ ਦੀ ਅਨੁਕੂਲਤਾ ਨੂੰ ਇਸ ਪਰਸੰਗ ਦੇ ਅੰਦਰ ਹੀ ਮੁਲਾਂਕਣ ਕੀਤਾ ਜਾਂਦਾ ਹੈ। ਯਕੀਨਨ, ਸਬੂਤਾਂ ਦਾ ਪ੍ਰਬੰਧ ਕਰਨ ਲਈ ਇੱਥੇ ਕਾਫੀ ਕੰਮ ਹੁੰਦਾ ਹੈ, ਪਰ ਇਹ ਤੁਹਾਡੀ ਆਪਣੀ ਸੇਵਕਾਈ ਦੇ ਲਈ ਅਤੇ ਨਾ ਹੀ ਅਧਿਐਨ ਪਾਠਕ੍ਰਮ ਦੇ ਵਿਕਾਸ ਦੇ ਲਈ ਕਰਨਾ ਮੁੱਲ ਦਾ ਹੈ।

ਇਹ ਕੁਝ ਓਸ ਕਿਸਮ ਦੀਆਂ ਸਮੱਸਿਆਵਾਂ ਹਨ ਜਿਹੜੀਆਂ ਕਿ ਇੱਕ ਕਲੀਸਿਯਾ ਵਿੱਚ ਹੋ ਸਕਦੀਆਂ ਹਨ ਕਿਉਂਕਿ ਇਹ ਇੱਕ ਸੇਹਤ ਦੀ ਨਿਸ਼ਾਨੀ ਹੈ। ਸਿੱਖਿਆ ਪ੍ਰਬੰਧਕ ਅਤੇ RCOSAC ਸਦਾ ਇਨ੍ਹਾਂ ਸਮੱਸਿਆਵਾਂ ਦੇ ਕਿਰਿਆਸ਼ੀਲ ਹੱਲ ਲੱਭ ਰਹੇ ਹਨ ਜਿਨ੍ਹਾਂ ਵਿੱਚ ਅਖੰਡਤਾ ਹੋਵੇ ਅਤੇ ਸਦਾ ਉਨ੍ਹਾਂ ਆਗੂਆਂ ਨਾਲ ਕੰਮ ਕਰਨਗੇ ਜਿਹੜੇ ਕਿ ਉਨ੍ਹਾਂ ਨਾਲ ਉਲਝੇ ਹੋਏ ਹਨ।

***17 ਸਾਡੇ ਕੋਲ ਸੇਵਕਾਈ ਦੇ ਲਈ ਕੁਝ ਉਮੀਦਵਾਰ ਹਨ ਜਿਹੜੇ ਕਿ ICOSAC ਦੇ ਪ੍ਰਮਾਣਿਤ ਪਾਠਕ੍ਰਮਾਂ ਰਾਹੀਂ ਹੋਰਨਾਂ ਇਲਾਕਿਆਂ ਦੇ ਸਿੱਖਿਆ ਪ੍ਰਬੰਧਕਾਂ ਤੋਂ ਓਹਨਾਂ ਦੀ ਪੜ੍ਹਾਈ ਨੂੰ ਪੂਰਾ ਕਰ ਰਹੇ ਹਨ? ਅਸੀਂ ਇਨ੍ਹਾਂ ਲੋਕਾਂ ਨਾਲ ਕਿਵੇਂ ਹੱਲ ਕਰਾਂਗੇ?***

ਉੱਤਮ ਕਿਰਿਆ ਤੁਹਾਡੇ ਲਈ ਇਹ ਹੋਵੇਗੀ ਕਿ ਇਸ ਦੇ ਲਈ ਉਮੀਦਵਾਰ ਦੇ ਇਸ ਰਾਹ ਨੂੰ ਲੈਣ ਤੋਂ ਪਹਿਲਾਂ ਮਨਜ਼ੂਰੀ ਦਿਓ, ਤਾਂ ਜੋ ਇਸ ਦੇ ਪੂਰਾ ਹੋਣ ਤੇ ਕੋਈ ਸਮੱਸਿਆਵਾਂ ਖੜੀਆਂ ਨਾ ਹੋਣ।

ਇੱਥੇ ਦੋ ਢੰਗ ਹਨ ਜਿਨ੍ਹਾਂ ਦੇ ਰਾਹੀਂ ਇੱਕ ਉਮੀਦਵਾਰ ਨਿਯੁਕਤ ਕੀਤਾ ਜਾ ਸਕਦਾ ਹੈ।

ਪਹਿਲਾਂ, ਜੇਕਰ ਉਮੀਦਵਾਰ EURASIA ਨਾਲੋਂ ਕਿਸੇ ਹੋਰ ਇਲਾਕੇ ਦੇ ਜਿਲ੍ਹੇ ਦਾ ਇੱਕ ਮੈਂਬਰ ਹੈ ਜਿਸ ਦੇ ਲਈ ਅਧਿਐਨ ਪਾਠਕ੍ਰਮ ਮਨਜ਼ੂਰ ਕੀਤਾ ਗਿਆ ਹੈ, ਤਦ ਉਸ ਨੂੰ ਇੱਥੇ ਓਰਡੀਨੇਸ਼ਨ ਦਿੱਤਾ ਜਾਣਾ ਚਾਹੀਦਾ ਹੈ ਅਤੇ ਫਿਰ ਸਾਡੇ ਖੇਤਰੀ ਜਿਲ੍ਹਿਆਂ ਦੇ ਵਿੱਚ ਪਰਮਾਣ ਪੱਤਰ ਪਛਾਣੇ ਜਾਣਗੇ।

ਦੂਜਾ, ਜੇਕਰ ਉਮੀਦਵਾਰ ਸਾਡੇ ਜਿਲ੍ਹਿਆਂ ਵਿੱਚੋਂ ਇੱਕ ਦਾ ਮੈਂਬਰ ਹੈ, ਬੋਰਡ ਆਫ ਮਿਨਸਟਰੀ ਨੂੰ ਇਹ ਵੇਖਣ ਦੀ ਲੋੜ ਹੋਵੇਗੀ ਕਿ ਕਿਵੇਂ ਇਹ ਤੁਹਾਡੇ ਜਿਲ੍ਹੇ ਤੇ ਮਨਜ਼ੂਦਸ਼ੁਦਾ ਪਾਠਕ੍ਰਮਾਂ ਦੇ ਨਾਲ ਮੇਲ ਖਾਂਦਾ ਹੈ। ਕਿਉਂਕਿ ਤੁਹਾਡਾ ਅਧਿਐਨ ਪਾਠਕ੍ਰਮ ਤੁਹਾਡੇ ਪਰਸੰਗ ਦੇ ਲਈ ਤਿਆਰ ਕੀਤਾ ਗਿਆ ਹੈ, ਇਹ ਹੋ ਸਕਦਾ ਹੈ ਕਿ ਇੱਥੇ ਤੁਹਾਡੇ ਮਨਜ਼ੂਰਸ਼ੁਦਾ ਅਧਿਐਨ ਪਾਠਕ੍ਰਮ ਦੇ ਕੁਝ ਪਹਿਲੂ ਹਨ ਜੋ ਹਨ ਕਿ ਇਸ ਉਮੀਦਵਾਰ ਨੇ ਪੂਰੇ ਨਹੀਂ ਕੀਤੇ ਹਨ।

ਜਿਆਦਾ ਪੇਸ਼ਿਆਂ ਵਿੱਚ, ਲੋਕ ਜਿਹੜੇ ਕਿ ਦੂਜੇ ਦੇਸ਼ਾਂ ਤੋਂ ਯੋਗਤਾ ਪਾਏ ਸਨ ਲਗਭਗ ਉਸ ਦੇਸ਼ ਦੇ ਵਿੱਚ ਜਿਸ ਦੇ ਵਿੱਚ ਉਹ ਸੇਵਾ ਕਰਦੇ ਹਨ ਦੀਆਂ ਉਮੀਦਾਂ ਨੂੰ ਸਦਾ ਪੂਰਾ ਕਰਨਾ ਪਿਆ ਸੀ। ਸੇਵਕਾਈ ਦੇ ਲਈ ਉਮੀਦਵਾਰਾਂ ਨੂੰ ਇਸ ਤਰ੍ਹਾਂ, ਇਸ ਉਮੀਦ ਦੇ ਦੁਆਰਾ ਬੇਲੋੜੀਂਦੇ ਰੂਪ ਵਿੱਚ ਹੈਰਾਨ ਨਹੀਂ ਹੋਣਾ ਚਾਹੀਦਾ ਹੈ।

ਡਿਸਟਿਕ ਬੋਰਡ ਜਾਂ ਇਸ ਦੇ ਸਮਤੁੱਲ ਨੂੰ ਤੁਹਾਡੇ ਅਧਿਐਨ ਪਾਠਕ੍ਰਮ ਦੇ ਆਧਾਰ ਤੇ ਹਰੇਕ ਉਮੀਦਵਾਰ ਨੂੰ ਪਰਖਣ ਦੀ ਲੋੜ ਹੋਵੇਗੀ।

## ਬੋਰਡ ਆਫ ਮਿਨਸਟੀ ਨਾਲ ਕੰਮ ਕਰਨਾ

## ਉੱਤਮ ਅਭਿਆਸ ਦੇ ਲਈ ਵਿਚਾਰ

ਸਿੱਖਿਆ ਅਦਾਰਿਆਂ ਅਤੇ ਬੋਰਡ ਆਫ ਮਿਨਸਟਰੀ ਦੇ ਵਿੱਚਕਾਰ ਸੰਬੰਧ ਸਦਾ ਇੱਕ *ਕੰਮ ਚੱਲ ਰਿਹਾ ਹੈ:* ਸੰਬੰਧ ਕਈ ਵਾਰ ਉੱਤਮ ਹੁੰਦੇ ਹਨ, ਕਈ ਵਾਰ ਚੁਨੌਤੀ ਭਰੇ, ਕਈ ਵਾਰ ਨਿਰਾਸ਼ ਕਰਨ ਵਾਲੇ ਹੁੰਦੇ ਹਨ। ਹੇਠਾਂ ਦਿੱਤੀਆਂ ਟਿੱਪਣੀਆਂ ਸਾਧਾਰਨ ਉਨ੍ਹਾਂ ਪ੍ਰੀਕ੍ਰਿਆਵਾਂ ਦਾ ਇੱਕ ਚਿੱਤ੍ਰਣ ਹੈ ਜਿਨ੍ਹਾਂ ਨੇ ਸਾਡੇ ਇਲਾਕੇ ਦੇ ਵਿੱਚ ਕਈ ਵਾਰ ਉੱਤਮ ਕੰਮ ਕੀਤਾ ਹੈ। ਨਮੂਨਾ ਕਿਸੇ ਵੀ ਦੋ ਜਿਲ੍ਹਿਆਂ ਦੇ ਵਿੱਚੋਂ ਇੱਕੋ ਜਿਹਾ ਨਹੀਂ ਹੋਵੇਗਾ: ਬੋਰਡਸ ਅਤੇ ਸਿੱਖਿਆ ਅਦਾਰੇ ਭਿੰਨ-ਭਿੰਨ ਢੰਗਾਂ ਦੇ ਵਿੱਚ, ਅਤੇ ਕੁਸ਼ਲਤਾ ਦੇ ਭਿੰਨ-ਭਿੰਨ ਪੱਧਰਾਂ ਤੇ ਕੰਮ ਕਰਦੇ ਹਨ।

1. ਜਦੋਂ ਕੋਈ ਨਵਾਂ ਉਮੀਦਵਾਰ ਸਾਹਮਣੇ ਆਉਂਦਾ ਹੈ ਤਾਂ ਬੋਰਡ ਆਫ ਮਿਨਸਟਰੀ ਦੇ ਸਕੱਤਰ ਲਈ ਇੱਕ ਸਲਾਕਾਰ ਸੇਵਾ ਦੇ ਵਜੋਂ ਕੰਮ ਕਰਨਾ ਸਿੱਖਿਆ ਅਦਾਰਿਆਂ ਨੂੰ ਪੇਸ਼ਕਸ਼ ਕਰਨ ਲਈ ਮੁੱਲਵਾਨ ਹੈ (ਖਾਸ ਕਰਕੇ ਜੇਕਰ ਉਹ ਕਿਸੇ ਦੂਜੇ ਸੰਸਾਰ ਦੇ ਖੇਤਰ ਵਿੱਚੋਂ ਆਉਂਦੇ ਹਨ, ਜਾਂ ਇੱਕ ਹੋਰ ਰਵਾਇਤ ਤੋਂ), ਮਿਸਾਲੀ ਉਨ੍ਹਾਂ ਦੀਆਂ ਮੋਜੂਦਾਂ ਯੋਗਤਾਵਾਂ ਦੀ ਤਸਦੀਕ ਕਰਦੇ, ਉੱਨਤ ਸਤਰ ਤੇ ਬੋਰਡ ਆਫ ਮਿਨਸਟਰੀ ਨੂੰ ਸਲਾਹ ਦਿੰਦੇ ਜੋ ਕਿ ਪੂਰਵ ਅਧਿਐਨ ਉਨ੍ਹਾਂ ਨੂੰ ਇਜਾਜ਼ਤ ਦੇ ਸਕਦਾ ਹੈ, ਅਤੇ ਕੋਈ ਵੀ APEL (Assesment of prior Experiential Learding - ਪੂਰਵ ਅਨੁਭਵੀ ਸਿੱਖਣ ਦਾ ਮੁਲਾਂਕਣ) ਵਿਕਲਪ ਜੋ ਕਿ ਓਹਨਾਂ ਦਾ ਅਨੁਭਵ ਸੰਕੇਤ ਕਰ ਸਕਦਾ ਹੈ।
2. ਸਿੱਖਿਆ ਅਦਾਰਿਆਂ ਦੇ ਲਈ ਉਮੀਦਵਾਰਾਂ ਦੇ ਵਿੱਦਿਅਕ ਵੇਰਵੇ ਦੇ ਰਿਕਾਰਡ ਨੂੰ ਰੱਖਣ ਵਜੋਂ ਕੰਮ ਕਰਨ ਲਈ ਪੇਸ਼ਕਸ਼ ਕਰਨਾ ਉਪਯੋਗੀ ਹੋ ਸਕਦਾ ਹੈ, ਭਾਵੇਂ ਕਿ ਜਦੋਂ ਕਿ ਪਾਠਕ੍ਰਮ ਕਿਸੇ ਹੋਰ ਸਿੱਖਿਆ ਅਦਾਰਿਆਂ ਵਿੱਚ ਜਾਂ ਦੂਜੇ ਢੰਗਾਂ ਦੇ ਰਾਹੀਂ ਪੂਰਾ ਕੀਤਾ ਜਾ ਰਿਹਾ ਹੈ। ਸਿੱਖਿਆ ਅਦਾਰਿਆਂ ਕੋਲ ਇਸ ਨੂੰ ਨਿਰੰਤਰਤਾ ਅਤੇ ਵਿਸ਼ਵਾਸਯੋਗਤਾ ਵਿੱਚ ਕਰਨ ਦਾ ਅਨੁਭਵ ਹੈ।
3. ਬੋਰਡ ਆਫ ਮਿਨਸਟਰੀ ਨੂੰ ਸਲਾਨਾ ਨਵੀਨ ਵੇਰਵੇ ਦੇਣਾ ਮਹੱਤਵਪੂਰਨ ਹੈ ਕਿ ਕਿਵੇਂ ਉਮੀਦਵਾਰ ਉਨ੍ਹਾਂ ਦੇ ਅਧਿਐਨ ਵਿੱਚ ਉੱਨਤੀ ਕਰ ਰਹੇ ਹਨ: ਕੀ ਪੂਰਾ ਕੀਤਾ ਗਿਆ ਹੈ, ਕਿਹੜਾ ਅਜੇ ਪੂਰਾ ਕੀਤਾ ਜਾਣਾ ਹੈ, ਕਿਹੜਾ ਪੂਰਾ ਕਰਨ ਵਿੱਚ ਅਸਫਲ ਰਿਹਾ ਹੈ। ਇਹ ਦਸਤਾਵੇਜ ਤਦ ਹਰੇਕ ਸਾਲ ਹਵਾਲੇ ਦੇ ਲਈ ਇੱਕ ਵਿਸ਼ਾ ਬਣ ਜਾਂਦੇ ਹਨ।
4. ਉਮੀਦਵਾਰਾਂ ਨੂੰ ਵੀ ਜਿਹੜੀਆਂ ਸੂਚਨਾਵਾਂ ਸਿੱਖਿਆ ਦਾਅਰੇ ਬੋਰਡ ਆਫ ਮਿਨਸਟਰੀ ਨੂੰ ਦਿੰਦੇ ਹਨ ਦੀ ਇੱਕ ਕਾਪੀ ਦੇਣਾ ਮਹੱਤਵਪੂਰਨ ਹੈ, ਤਾਂ ਜੋ ਉਹ ਵੀ ਬੋਰਡ ਆਫ ਮਿਨਸਟਰੀ ਨਾਲ ਸੰਬੰਧਿਤ ਉਨ੍ਹਾਂ ਦੇ ਦਰਜੇ ਦੀ ਜਾਣਕਾਰੀ ਹੋਵੇ। ਇਸ ਦਾ ਅਰਥ ਹੈ ਕਿ ਉਹ ਉਨ੍ਹਾਂ ਦੇ ਅਧਿਐਨ ਦੇ "ਜ਼ਿੰਮੇਵਾਰ/ਮਾਲਕ" ਹੋ ਸਕਦੇ ਹਨ, ਅਤੇ ਉਨ੍ਹਾਂ ਦੇ ਸਿੱਖਣ ਦੇ ਵੇਰਵੇ ਦੀ ਜ਼ਿੰਮੇਵਾਰੀ ਨੂੰ ਲੈ ਸਕਦੇ ਹਨ।
5. ਇਹ ਨਿਸ਼ਚਿਤ ਕਰਨਾ ਮੁੱਲਵਾਨ ਹੈ ਕਿ ਬੋਰਡ ਆਫ ਮਿਨਸਟਰੀ ਦੇ ਸਕੱਤਰ ਉਮੀਦਵਾਰਾਂ ਲਈ "ਕੋਰਸ ਪਲਾਨਰ" ਦੀਆਂ ਕਾਪੀਆਂ ਨੂੰ ਰੱਖਣ, ਇਸ ਤਰ੍ਹਾਂ ਉਨ੍ਹਾਂ ਨੂੰ ਓਹਨਾਂ ਦੀ ਉੱਨਤੀ ਬਾਰੇ ਸਲਾਹ ਦੇ ਸਕਦੇ ਹਨ, ਅਤੇ ਇਹ ਨਿਸ਼ਚਿਤ ਕਰ ਸਕਦੇ ਹਨ ਕਿ ਬੋਰਡ ਆਫ ਮਿਨਸਟਰੀ ਦੇ ਸਾਰੇ ਮੈਂਬਰ ਸਮਝਣ ਕਿ ਕਿਵੇਂ ਪਲਾਨਰ ਕੰਮ ਕਰਦਾ ਹੈ।
6. ਇਹ ਪਛਾਣਨਾ ਮਹੱਤਵਪੂਰਨ ਹੈ ਕਿ ਸਿੱਖਿਆ ਅਦਾਰੇ ਬੋਰਡ ਆਫ ਮਿਨਸਟਰੀ ਨੂੰ ਸਲਾਹ ਦੇਣ, ਅਤੇ ਸੰਚਾਰ ਦੇ ਕੇਂਦਰਾਂ ਨੂੰ ਖੁੱਲ੍ਹਾ ਰੱਖਣ ਦੀ ਲੋੜ ਹੈ, ਭਾਵੇਂ ਕਿ ਜਦੋਂ ਕਿ ਸਦਾ ਸਲਾਹ ਨਹੀਂ ਲਈ ਜਾਂਦੀ ਹੈ।
7. ਸਿੱਖਿਆ ਅਦਾਰਿਆਂ ਨੂੰ ਬੋਰਡ ਆਫ ਮਿਨਸਟਰੀ ਦੇ ਨਾਲ ਜਾਣਕਾਰੀ ਅਤੇ ਪੇਸ਼ੇਵਰ ਵਿਕਾਸ ਤੇ ਕੰਮ ਕਰਨਾ ਚਾਹੀਦਾ ਹੈ; ਸ੍ਰੋਤਪੁਸਤਕ ਤੇ ਜਾਣਕਾਰੀ, ਓਰਡੀਨੇਸ਼ਨ ਮੰਗਾਂ ਤੇ ਅਤੇ ਕਿਵੇਂ ਇਹ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ; ਸੇਵਕਾਈ ਵਿੱਚ ਨਿਰੰਤਰ ਪੇਸ਼ੇਵਰ ਵਿਕਾਸ ਲਈ।
8. ਸਿੱਖਿਆ ਅਦਾਰਿਆਂ ਨੂੰ ਸੇਵਕਾਂ ਦੀ ਨਿਰੰਤਰ ਸਿੱਖਿਆ ਤੇ ਉਨ੍ਹਾਂ ਦੀ ਸੇਵਾ ਬੋਰਡ ਆਫ ਮਿਨਸਟਰੀ ਨੂੰ ਦੇਣੀ ਚਾਹੀਦੀ ਹੈ, ਅਤੇ ਇਸ ਦਾ ਕਿਰਿਆਸ਼ੀਲ ਢੰਗਾਂ ਨਾਲ ਸਮਰੱਥਣ ਕਰਨਾ ਚਾਹੀਦਾ ਹੈ।
9. ਸਿੱਖਿਆ ਅਦਾਰਿਆਂ ਨੂੰ ਅਧਿਐਨ ਦੀਆਂ ਭਿੰਨ-ਭਿੰਨ ਸਕੀਮਾਂ ਲਈ ਪੂੰਜੀ ਲਾਗੂਕਰਨ ਸੰਬੰਧੀ ਐਹਦਨਾਮਾ ਕਰਨਾ ਚਾਹੀਦਾ ਹੈ, (ੳ) ਸਿੱਖਿਆ ਦੇਣ ਦੇ ਲਈ ਅਸਲ ਕੀਮਤ ਨੂੰ ਪਛਾਣਨ ਦੇ ਲਈ, ਅਤੇ (ਅ) ਜਿਲੇ, ਇਲਾਕੇ, ਅਤੇ ਸਿੱਖਿਆ ਅਦਾਰੇ ਦੇ ਆਰਥਕ ਪ੍ਰਬੰਧ ਦੀਆਂ ਸੀਮਾਵਾਂ ਨੂੰ।

ਇੱਥੇ "ਇੱਥੇ ਹੋਣ" ਦਾ ਕੋਈ ਪ੍ਰਤੀਸਥਾਪੀ ਨਹੀਂ ਹੈ। ਸਿੱਖਿਆ ਅਦਾਰਿਆਂ ਦੇ ਮੈਂਬਰਾਂ ਲਈ BOM ਦੇ ਮੈਂਬਰਾਂ ਨਾਲ ਸ਼ਾਮਿਲ ਹੋਣ ਲਈ ਸਥਾਨ ਲੱਭਣਾ ਸਦਾ ਮਹੱਤਵਪੂਰਨ ਹੈ। ਸਿੱਖਿਆ: ਜਿਸ ਢੰਗ ਵਿੱਚ ਵੀ ਸੰਭਵ ਹੋ ਸਕਦਾ ਹੈ ਸਮਾਜ ਦਾ ਪਾਲਨ-ਪੋਸ਼ਣ ਕਰਨਾ ਮਹੱਤਵਪੂਰਨ ਹੈ, ਅਤੇ ਜਿਲ੍ਹਿਆਂ ਦੇ ਨਾਲ ਸੰਬੰਧ ਨਿਰਮਾਣ ਕਰਨਾ ਮਹੱਤਵਪੂਰਨ ਹੈ, ਤਾਂ ਜੋ BOM ਸਿੱਖਿਆ ਦਾਅਰਿਆਂ ਨੂੰ ਇੱਕ 'ਹੋਰ," ਵਜੋਂ ਨਾ ਵੇਖੇ, ਪਰ ਇੱਕ ਮਿਸ਼ਨ ਦੇ ਭਾਈਵਾਲ ਵਜੋਂ।

## ਸੰਚਾਰ ਦੀਆਂ ਸਤਰਾਂ
### *ਡਿਸਟਿਕ ਬੋਰਡ ਆਫ ਮਿਨਸਟਰੀ ਨੂੰ ਬਲ ਪ੍ਰਦਾਨ ਕਰਨਾ*

ਸੰਚਾਰ ਦੀਆਂ ਭਿੰਨ-ਭਿੰਨ ਸਤਰਾਂ ਅਤੇ ਜ਼ਿੰਮੇਵਾਰੀਆਂ ਦੇ ਖੇਤਰਾਂ ਦਾ ਇਹ ਸੰਖੇਪ ਨਿਰੀਖਣ ਦੋ ਹਿੱਸਿਆਂ ਦੇ ਵਿੱਚ ਵੰਡਿਆਂ ਹੋਇਆ ਹੈ। ਭਾਗ ੳ ਸੇਵਕਾਈ ਦੇ ਲਈ ਉਮੀਦਾਵਰਾਂ ਦੀ ਚੋਣ ਅਤੇ ਸਿਫਾਰਸ਼ ਦੇ ਨਾਲ ਹੱਲ ਕਰਦਾ ਅਤੇ ਸਥਾਨਕ ਅਤੇ ਜਿਲ੍ਹਾ ਲਾਈਸੈਂਸ ਨੂੰ ਪ੍ਰਾਪਤ ਕਰਨ ਅਤੇ ਨਵੀਨੀਕਰਣ ਦੀਆਂ ਜ਼ਿੰਮੇਵਾਰੀਆਂ ਦੀ, ਓਰਡੀਨੇਸ਼ਨ ਪ੍ਰਤੀ ਅਗਵਾਈ ਕਰਦਾ ਹੋਇਆ ਰੂਪ-ਰੇਖਾ ਦਿੰਦਾ ਹੈ। ਭਾਗ ਅ ਸੇਵਕਾਂ ਦੀ ਸਿੱਖਿਆ ਨੂੰ ਸੰਬੋਧਨ ਕਰਦਾ ਹੈ ਅਤੇ ਡਿਸਟਿਕ ਮਿਨਸਟਰੀਅਲ ਸਟਡੀ ਬੋਰਡ ਦੀਆਂ ਜ਼ਿੰਮੇਵਾਰੀਆਂ ਦੀ ਰੂਪਰੇਖਾ ਦਿੰਦਾ ਹੈ ਜਦੋਂ ਕਿ ਇਹ EURASIA ਖੇਤਰ ਵਿੱਚ ਸਿੱਖਿਆ ਅਦਾਰਿਆਂ ਦੇ ਨਾਲ ਮਿਲ ਕੇ ਕੰਮ ਕਰਦਾ ਹੈ।

ਉਪਵਾਕਾਂ ਦੇ ਵਿੱਚ ਸਾਰੇ ਹਵਾਲੇ 2009-2013 ਨੇਮਾਵਲੀ ਵਿੱਚ ਪੈਰ੍ਹਿਆਂ ਵਿੱਚ ਦਿੱਤੇ ਹੋਏ ਹਨ। ਇਸ ਦਸਤਾਵੇਜ ਵਿੱਚ ਬੋਰਡ ਆਫ ਮਿਨਸਟਰੀਅਲ ਪਰਮਾਣ ਪੱਤਰ ਅਤੇ ਸੇਵਕਾਈ ਸੰਬੰਧੀ ਅਧਿਐਨ ਇੱਕ ਦੂਜੇ ਤੋਂ ਭਿੰਨ ਵਰਤਾਉ ਕੀਤੇ ਜਾਂਦੇ ਗਏ ਹਨ, ਪਰ ਨਿਯਮਾਵਲੀ ਇਨ੍ਹਾਂ ਨੂੰ ਇੱਕ ਡਿਸਟਿਕ ਬੋਰਡ ਆਫ ਮਿਨਸਟਰੀ ਵਿੱਚ ਮਿਲਾਉਣ ਦੀ ਸੰਭਾਵਨਾ ਨੂੰ ਪ੍ਰਦਾਨ ਕਰਦੀ ਹੈ (203.17)

### ੳ. ਸੇਵਕਾਈ ਲਈ ਉਮੀਦਵਾਰਾਂ ਦੀ ਚੋਣ ਅਤੇ ਸਿਫਾਰਸ਼

*ਸਥਾਨਕ ਸੇਵਕ*

ਸਥਾਨਕ ਕਲੀਸਿਯਾ ਵਿੱਚ ਸੇਵਕਾਈ ਲਈ ਉਮੀਦਵਾਰਾਂ ਦੀ ਚੋਣ ਅਤੇ ਸਿਫਾਰਸ਼ ਵਿੱਚ, ਪਾਸਟਰ ਅਤੇ ਚਰਚ ਬੋਰਡ ਕੋਲ ਭਿੰਨ-ਭਿੰਨ ਸੰਭਾਵਨਾਵਾਂ ਹੁੰਦੀਆਂ ਹਨ।

ਪਾਸਟਰ…

- ਸਥਾਨਕ ਕਲੀਸਿਯਾ ਵਿੱਚ ਭਾਗ ਲੈਣ ਰਾਹੀਂ ਵਿਅਕਤੀਆਂ ਦੇ ਦਾਨਾਂ ਅਤੇ ਯੋਗਤਾਵਾਂ ਨੂੰ ਪਛਾਣੋ, ਮਸੀਹੀ ਸੇਵਕਾਈ ਦੇ ਪ੍ਰਤੀ ਇੱਕ ਬੁਲਾਹਟ ਦਾ ਪਾਲਣ-ਪੋਸਣ ਕਰੋ ਜੋ ਕਿ ਇਹ ਲੋਕ ਮਹਿਸੂਸ ਕਰ ਸਕਦੇ ਹਨ, ਅਤੇ ਉਨ੍ਹਾਂ ਦੀ ਨਿਗਾਹਬਾਨੀ ਕਰੋ, ਇਸ ਦੇ ਨਾਲ ਹੀ ਸੇਵਕਾਈ ਲਈ ਢੁੱਕਵੀਂ ਤਿਆਰੀ ਪ੍ਰਤੀ ਉਨ੍ਹਾਂ ਦੀ ਅਗਵਾਈ ਕਰੋ (413.10)।
- ਇੱਕ ਸਥਾਨਕ ਜਾਂ ਆਮ ਲੇ ਮਿਨਸਟਰੀ ਲਾਈਸੈਂਸ ਜਾਂ ਇਸ ਤਰ੍ਹਾਂ ਦੇ ਲਾਈਸੈਂਸ ਦੇ ਨਵੀਨੀਕਰਣ ਲਈ ਚਰਚ ਬੋਰਡ ਨੂੰ ਉਮੀਦਵਾਰਾਂ ਦੀ ਸਿਫਾਰਸ਼ ਕਰੋ (129.12)। ਜੇਕਰ ਪਾਸਟਰ ਇੱਕ ਨਿਯੁਕਤ ਕੀਤਾ ਹੋਇਆ ਬਜ਼ੁਰਗ ਨਹੀਂ ਹੈ, ਉਸ ਦੀ ਸਿਫਾਰਸ਼ ਲਈ ਜਿਲੇ ਦੇ ਸੁਪਰੀਡੈਂਟ ਦੁਆਰਾ ਮਨਜ਼ੂਰੀ ਦੀ ਲੋੜ ਹੈ (428.1)।

ਸਥਾਨਕ ਕਲੀਸਿਯਾ ਬੋਰਡ…

- ਉਮੀਦਵਾਰ ਦੇ ਮੁਕਤੀ ਦੇ ਉਸ ਦੇ ਵਿਅਕਤੀਗਤ ਅਨੁਭਵ ਦੀ, ਸਿਧਾਂਤਾ ਅਤੇ ਬਾਈਬਲ ਦੇ ਗਿਆਨ, ਅਤੇ ਕਲੀਸਿਯਾ ਦੇ ਕ੍ਰਮ ਦੀ ਜਾਂਚ ਕਰੋ (428.1)।
- ਇੱਕ ਸਾਲ ਤੀਕ ਸਥਾਨਕ ਜਾਂ ਲੇ ਮਿਨਸਟਰ ਨੂੰ, ਪ੍ਰਦਰਸ਼ਣ, ਰੋਜ਼ਗਾਰ ਪ੍ਰਦਾਰ ਕਰਦੇ, ਅਤੇ ਸੇਵਕਾਈ ਦੇ ਦਾਨਾਂ ਅਤੇ ਉਪਯੋਗਤਾ ਦੇ ਵਿਕਾਸ ਨੂੰ ਪ੍ਰਦਾਨ ਕਰਦੇ ਹੋਏ ਲਾਈਸੈਂਸ ਨੂੰ ਦਿਓ (428; 428.1)।

ਪਹਿਲੇ ਸਥਾਨਕ ਲਾਈਸੈਂਸ ਦੇ ਨਵੀਨੀਕਰਣ ਤੇ, ਉਮੀਦਵਾਰ ਨੂੰ ਡਿਸਟਿਕ ਬੋਰਡ ਆਫ ਮਿਨਸਟਰੀਅਲ ਸਟਡੀ ਦੇ ਨਾਲ ਸੰਪਰਕ ਕਰਨਾ ਚਾਹੀਦਾ ਹੈ ਅਤੇ ਇੱਕ ਮਨਜ਼ੂਦਸ਼ੁਦਾ ਅਧਿਐਨ ਪਾਠਕ੍ਰਮ ਵਿੱਚ ਨਾਮ ਲਿਖਾਉਣਾ ਚਾਹੀਦਾ ਹੈ।

ਸਥਾਨ ਲਾਈਸੈਂਸ ਦੇ ਨਵੀਨੀਕਰਣ ਤੋਂ ਬਾਅਦ ਉਹੋ ਕਾਰਵਾਈ ਹੁੰਦੀ ਜਿਵੇਂ ਕਿ ਉੱਪਰ ਰੂਪਰੇਖਾ ਦਿੱਤੀ ਗਈ ਹੈ: ਸਥਾਨਕ ਸੇਵਕ ਪਾਸਟਰ ਦੀ ਸਿਫਾਰਸ਼ ਤੇ ਕਲੀਸਿਯਾ ਬੋਰਡ ਦੁਆਰਾ ਨਵੀਨੀਕਰਣ ਦੀ ਬੇਨਤੀ ਕਰ ਸਕਦਾ ਹੈ, ਇਸ ਆਧਾਰ ਤੇ ਕਿ ਸਥਾਨਕ ਸੇਵਕ ਡਿਸਟਿਕ ਮਿਨਸਟਰੀਅਲ ਸਟਡੀ ਬੋਰਡ ਦੀ ਅਗਵਾਈ ਅਧੀਨ ਇੱਕ ਪ੍ਰਮਾਣਤ ਅਧਿਐਨ ਪਾਠਕ੍ਰਮ ਨੂੰ ਕਰ ਰਿਹਾ ਹੈ (428.4)।

*ਡਿਸਟਿਕ ਲਾਈਸੈਂਸ ਪ੍ਰਾਪਤ ਹੋਇਆ ਸੇਵਕ*

ਜਦੋਂ ਇੱਕ ਸਥਾਨਕ ਸੇਵਕ ਜਿਲ੍ਹਾ ਲਾਈਸੈਂਸ ਲਈ ਬੇਨਤੀ ਕਰਦਾ ਹੈ, ਚਰਚ ਬੋਰਡ ਡਿਸਟਿਕ ਮਿਨਸਟਰੀਅਲ ਕਰੇਡਨਸ਼ੀਅਲ ਬੋਰਡ ਨੂੰ ਉਮੀਦਵਾਰ ਦੀ ਸਿਫਾਰਸ਼ ਕਰਦਾ ਹੈ, ਜਿਹੜੇ ਕਿ ਜਾਂਚ ਤੋਂ ਬਾਅਦ ਉਮੀਦਵਾਰ ਨੂੰ ਜਿਲਾ ਲਾਈਸੈਂਸ ਦੇਣ ਲਈ ਜਿਲ੍ਹਾ ਏਸਮਬਲੀ ਅੱਗੇ ਦਰਖਾਸਤ ਸੌਂਪਦੇ ਹਨ।

ਸਥਾਨਕ ਕਲੀਸਿਯਾ ਬੋਰਡ…

- ਇੱਕ ਸਥਾਨਕ ਸੇਵਕ ਦੀ, ਉਸ ਸੰਬੰਧ ਵਿੱਚ ਘੱਟੋ ਘੱਟ ਇੱਕ ਪੂਰਾ ਸਾਲ ਸੇਵਾ ਕਰਨ ਤੇ, ਅਤੇ ਪ੍ਰਮਾਣਤ ਅਧਿਐਨ ਪਾਠਕ੍ਰਮ ਦੇ ਇੱਕ ਚੌਥਾਈ* ਨੂੰ ਪੂਰਾ ਕਰਨ ਤੋਂ ਬਾਅਦ, ਇੱਕ ਜਿਲ੍ਹਾ ਸੇਵਕ ਦੇ ਲਾਈਸੈਂਸ ਲਈ ਡਿਸਟਿਕ ਮਿਨਸਟੀਅਲ ਕਰੇਡਨਸ਼ੀਅਲ ਬੋਰਡ ਨੂੰ ਸਿਫਾਰਸ਼ ਕਰਦਾ ਹੈ (428.5; 429.1)।

EURASIA ਖੇਤਰ ਤੇ, ਅਧਿਐਨ ਪਾਠਕ੍ਰਮ ਤਿੰਨ ਸਾਲ ਪੂਰਾ ਸਮਾਂ ਅਧਿਐਨ ਦੇ ਬਰਾਬਰ ਦਾ ਪ੍ਰਤੀਨਿਧ ਕਰਦਾ ਹੈ; ਇਸ ਲਈ, 1,000 ਵਿਦਿਆਰਥੀ ਸਿੱਖਣ ਦੇ ਘੰਟਿਆਂ ਨੂੰ ਪੂਰਾ ਕਰਨਾ ਇੱਕ ਉਮੀਦਵਾਰ ਲਈ ਉਸ ਦੇ ਪਹਿਲੇ ਜਿਲਾ ਲਾਈਸੈਂਸ (ਵੇਖੋ ਰਿਜ਼ਨਕਲ ਸ੍ਰੋਤਬੁਕ) ਦੇ ਲਈ ਸਿਫਾਰਸ਼ ਵਾਸਤੇ ਇੱਕ ਪਸੰਦੀਦਾ ਨਿਸ਼ਾਨਾ ਹੋਵੇਗਾ।

ਦਾ ਡਿਸਟਿਕ ਮਿਨਸਟੀਰਅਲ ਕਰੇਡਨਸ਼ੀਅਲ ਬੋਰਡ…

- ਸਥਾਨਕ ਚਰਚ ਬੋਰਡ ਦੁਆਰਾ ਸਿਫਾਰਸ਼ ਕੀਤੇ ਜਾਂਦੇ ਸਾਰੇ ਉਮੀਦਵਾਰਾਂ ਦੀ ਇੱਕ ਜਿਲਾ ਸੇਵਕ ਲਾਈਸੈਂਸ ਨੂੰ ਪ੍ਰਾਪਤ ਕਰਨ ਲਈ ਜਾਂਚ ਕਰਦਾ ਹੈ। ਬੋਰਡ ਸਾਵਧਾਨੀ ਨਾਲ ਹਰੇਕ ਉਮੀਦਵਾਰ ਦੀ ਜਾਂਚ ਕਰਦਾ ਹੈ ਅਤੇ ਉਸ ਦੀ ਮੁਕਤੀ ਦੇ ਸੰਬੰਧ ਵਿੱਚ ਹੋਰ ਕਿਸੇ ਵੀ ਵਿਚਾਰ ਕੀਤੀ ਜਾਂਦੀ ਯੋਗ ਛਾਣਬੀਣ ਨੂੰ ਕਰਦਾ ਹੈ; ਪਵਿੱਤਰ ਆਤਮਾ ਨਾਲ ਬਪਤਿਸਮਾ ਦੁਆਰਾ ਪੂਰਣ ਪਵਿੱਤਰਤਾਈ ਦਾ ਵਿਅਕਤੀਗਤ ਅਨੁਭਵ; ਬਾਈਬਲ ਦੇ ਸਿਧਾਂਤਾ ਦਾ ਗਿਆਨ; ਸਿਧਾਂਤਾ ਦਾ ਪੂਰਣ ਸਵੀਕਾਰ ਕੀਤਾ ਜਾਣਾ, ਮਸੀਹੀ ਚਰਿੱਤਰ ਦਾ ਨੇਮ ਅਤੇ ਮਸੀਹੀ ਆਚਰਣ ਦਾ ਨੇਮ, ਅਤੇ ਕਲੀਸਿਯਾ ਦੀ ਸ਼ਾਸਨ ਪ੍ਰਣਾਲੀ; ਦਾਨ, ਵਰਦਾਨਾਂ, ਸਿਆਣਪ, ਨੈਤਿਕ, ਅਤੇ ਆਤਮਿਕ ਯੋਗਤਾਵਾਂ ਦਾ ਸਬੂਤ, ਅਤੇ ਸੇਵਕਾਈ ਲਈ ਆਮ ਅਨੁਰੂਪਤਾ ਜਿਸ ਦੇ ਲਈ ਉਮੀਦਵਾਰ ਬੁਲਾਇਆ ਗਿਆ ਮਹਿਸੂਸ ਕਰਦਾ ਹੈ (228.2-3)।
- ਉਮੀਦਵਾਰਾਂ ਦੇ ਜਿਲ੍ਹਾ ਲਾਈਸੈਂਸ ਲਈ ਡਿਸਟਿਕ ਏਸਮਬਲੀ ਨੂੰ ਸਿਫਾਰਸ਼ ਕਰਦਾ ਹੈ (203.4)।

ਡਿਸਟਿਕ ਏਸਮਬਲੀ…

- ਮਿਨਸਟਰੀਅਲ ਕਰੇਡਨਸ਼ੀਅਲ ਬੋਰਡ ਦੀ ਮੁਆਫਕ ਸਿਫਾਰਸ਼ ਤੇ ਇੱਕ ਜਿਲ੍ਹਾ ਲਾਈਸੈਂਸ ਨੂੰ ਦਿੰਦੀ ਹੈ (203.4)

ਇੱਕ ਜਿਲ੍ਹਾ ਲਾਈਸੈਂਸ ਦਾ ਨਵੀਨੀਕਰਣ ਉਸੇ ਕਾਰਵਾਈ ਦਾ ਅਨੁਸਰਣ ਕਰਦਾ ਜਿਵੇਂ ਕਿ ਉੱਪਰ ਰੂਪਰੇਖਾ ਦਿੱਤਾ ਗਿਆ ਹੈ; ਡਿਸਟਿਕ ਲਾਈਸੈਂਸ ਪਾਇਆ ਹੋਇਆ ਸੇਵਕ ਡਿਸਟਿਕ ਏਸਮਬਲੀ ਦੁਆਰਾ ਚਰਚ ਬੋਰਡ ਦੀ ਸਿਫਾਰਸ਼ ਦੇ ਉੱਤੇ ਪਾਸਟਰ ਦੇ ਨਾਮਜ਼ਦਗੀ ਤੇ ਅਧਾਰਿਤ ਨਵੀਨੀਕਰਣ ਦੀ ਬੇਨਤੀ ਦੇ ਸਕਦਾ ਹੈ, ਇਸ ਸ਼ਰਤ ਤੇ ਕਿ ਉਸ ਨੇ ਇੱਕ ਪ੍ਰਮਾਣਤ ਅਧਿਐਨ ਪਾਠਕ੍ਰਮ ਦੇ ਘੱਟੋ ਘੱਟੋ ਦੋ ਪਾਠਕ੍ਰਮ ਪੂਰੇ ਕਰਨ ਲਏ ਹਨ (429.3)। ਦਾ ਡਿਸਟਿਕ ਮਿਨਸਟਰੀਅਲ ਕਰੇਡਨਸ਼ੀਅਲ ਬੋਰਡ ਦੁਆਰਾ ਉਮੀਦਵਾਰ ਦੇ ਮੁਲਾਂਕਣ ਕਰਨ ਤੋਂ ਬਾਅਦ ਡਿਸਟਿਕ ਏਸਮਬਲੀ ਨੂੰ ਨਵੀਨੀਕਰਣ ਦੀ ਸਿਫਾਰਸ਼ ਕਰਦਾ ਹੈ। ਜਦੋਂ ਇੱਕ ਲਾਈਸੈਂਸ ਪਾਇਆ ਹੋਇਆ ਸੇਵਕ ਇੱਕ ਪਾਸਟਰ ਵਜੋਂ ਸੇਵਾ ਕਰ ਰਿਹਾ ਹੈ, ਨਵੀਨੀਕਰਣ ਦੇ ਲਈ ਸਿਫਾਰਸ਼ ਡਿਸਟਿਕ ਏਡਵਾਈਸਰੀ ਬੋਰਡ ਦੇ ਦੁਆਰਾ ਕੀਤੀ ਜਾਣੀ ਚਾਹੀਦੀ ਹੈ (429.5)।

*ਓਰਡੀਨੇਸ਼ਨ*

ਇੱਕ ਜਿਲਾ ਲਾਈਸੈਂਸ ਪਾਏ ਹੋਏ ਸੇਵਕ ਦੇ ਪਹਿਲਾਂ ਜਿਲ੍ਹਾ ਲਾਈਸੈਂਸ ਦੇ ਪ੍ਰਾਪਤ ਕਰਨ ਦੇ 10 ਸਾਲਾਂ ਦੇ ਅੰਦਰ ਮਨਜ਼ੂਰਸ਼ੁਦਾ ਅਧਿਐਨ ਪਾਠਕ੍ਰਮ ਨੂੰ ਪੂਰਾ ਕਰਨ ਤੋਂ ਬਾਅਦ (429.4), ਅਤੇ ਤਿੰਨ ਲਗਾਤਾਰ ਸਾਲਾਂ ਤੀਕ ਇੱਕ ਪੂਰਾ ਸਮਾਂ ਨਿਯੁਕਤ ਸੇਵਕ ਰਹਿਣ ਤੋਂ ਬਾਅਦ (430.3; 431.3), ਉਮੀਦਵਾਰ ਓਰਡੀਨੇਸ਼ਨ ਦੇ ਲਈ ਯੋਗ ਹੋ ਸਕਦਾ ਹੈ।

ਹੇਠਾਂ ਦਿੱਤੀ ਕਾਰਜ-ਪ੍ਰਣਾਲੀ ਹੁੰਦੀ ਹੈ:

ਦਾ ਡਿਸਟਿਕ ਮਿਨਸਟੀਰਅਲ ਸਟਡੀਸ ਬੋਰਡ…

- ਇੱਕ ਮਨਜ਼ੂਰਸ਼ੁਦਾ ਅਧਿਐਨ ਪਾਠਕ੍ਰਮ ਵਿੱਚ ਉਮੀਦਵਾਰ ਦੁਆਰਾ ਪੂਰਾ ਕੀਤੇ ਅਧਿਐਨ ਦਾ ਮੁਲਾਂਕਣ ਕਰਦਾ, ਅਤੇ
- ਅਧਿਐਨ ਪਾਠਕ੍ਰਮ ਤੋਂ ਜਿਲ੍ਹਾ ਏਸਮਬਲੀ ਦੇ ਅੱਗੇ ਉਮੀਦਵਾਰ ਦੀ ਗ੍ਰੇਜੂਏਸ਼ਨ ਦੀ ਸਿਫਾਰਸ਼ ਕਰਦਾ ਹੈ।

ਦਾ ਡਿਸਟਿਕ ਮਿਨਸਟੀਰਅਲ ਕਰੇਡਨਸ਼ੀਅਲ ਬੋਰਡ…

- ਸਾਰੇ ਵਿਅਕਤੀਆਂ ਦੀ ਜਾਂਚ ਅਤੇ ਮੁਲਾਂਕਣ ਕਰਦਾ ਹੈ ਜਿਹੜੇ ਕਿ ਬਜ਼ੁਰਗ ਜਾਂ ਨਿਗਾਹਬਾਨ ਦੇ ਦਰਜੇ ਲਈ ਚੋਣ ਵਜੋਂ ਉਚਿਤ ਢੰਗ ਨਾਲ ਪੇਸ਼ ਕੀਤੇ ਗਏ ਹਨ (228.1)।
    - ਇਸ ਭਾਗ ਦੇ ਅੰਤ ਤੇ "ਉਮੀਦਵਾਰਾਂ ਦੀ ਪੜਤਾਲ ਅਤੇ ਪੁੱਛਣ ਲਈ ਪ੍ਰਸ਼ਨ" ਤੇ ਜ਼ਮੀਮਾ ਵੇਖੋ। ਇਹ ਇੱਕ ਨਮੂਨਾ ਹੈ ਕਿ ਕਿਵੇਂ ਡਿਸਟਿਕ ਬੋਰਡ ਆਫ ਮਿਨਸਟਰੀਅਲ ਕਰਡੇਨਸ਼ੀਅਲ ਇੱਕ ਉਮੀਦਵਾਰ ਦਾ ਇੱਕ ਇੰਟਰਵਿਯੂ ਲੈ ਸਕਦੇ ਹਨ, ਅਤੇ ਕੁਝ 'ਨਤੀਜਾ-ਅਧਾਰਿਤ' ਪੁੱਛੇ ਜਾਣ ਲਈ ਢੁੱਕਵੇਂ ਪ੍ਰਸ਼ਨ ਪੁੱਛ ਸਕਦੇ ਹਨ

ਦਾ ਡਿਸਟਿਕ ਏਸਮਬਲੀ…

- ਮਿਨਸਟਰੀਅਲ ਕਰੇਡਨਸ਼ੀਅਲ ਬੋਰਡ ਦੇ ਪਸੰਦੀਦਾ ਸਿਫਾਰਸ਼ ਤੇ ਇਸ ਤਰ੍ਹਾਂ ਦੇ ਸੇਵਕਾਈ ਦੇ ਵਰਗਾਂ ਲਈ ਸਾਰੀਆਂ ਮੰਗਾਂ ਨੂੰ ਪੂਰਾ ਕੀਤੇ ਜਾਣ ਲਈ ਪਰਖੇ ਗਏ ਵਿਅਕਤੀਆਂ ਤੋਂ, ਬਜ਼ੁਰਗ ਜਾਂ ਨਿਗਹਬਾਨ ਦੇ ਦਰਜ਼ੇ ਨੂੰ ਚੁਣਦਾ ਹੈ (203.6; 430.3; 431.3)।

ਜਨਰਲ ਸੁਪਰੀਡੈਂਟ ਦੇ ਅਧਿਕਾਰ ਖੇਤਰ ਵਿੱਚ…

- ਓਰਡੀਨੇਸ਼ਨ ਕਰਨਾ, ਦੂਜੇ ਓਰਡੀਨੇਸ਼ਨ ਪਾਏ ਹੋਏ ਸੇਵਕਾਂ ਦੇ ਨਾਲ, ਯੋਗ ਧਾਰਮਿਕ ਅਭਿਆਸਾਂ ਦੇ ਨਾਲ, ਹੱਥ ਰੱਖਣੇ (307.3; 433.5)।
- ਓਰਡੀਨੇਸ਼ਨ ਹੋਏ ਵਿਅਕਤੀ ਨੂੰ ਓਰਡੀਨੇਸ਼ਨ ਦੇ ਇੱਕ ਸਰਟੀਫਿਕੇਟ ਨੂੰ ਦਿੰਦਾ ਹੈ (430.1; 433.6)।

### ਅ. ਸੇਵਕਾਂ ਦੀ ਪੜ੍ਹਾਈ

ਦਾ ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡਸ, ਅਧਿਕਾਰਕ ਮਨਜ਼ੂਰਸ਼ੁਦਾ ਨਾਜ਼ਰੀਨ ਸਿੱਖਿਆ ਦਾਅਰਿਆਂ ਦੇ ਨਾਲ ਮੇਲ ਵਿੱਚ, ਸਟਡੀ ਏਡਵਾਈਜਰੀ ਬੋਰਡ ਦੇ ਖੇਤਰੀ ਪਾਠਕ੍ਰਮ ਰਾਹੀਂ ਸੇਵਕਾਈ ਤਿਆਰੀ ਦੇ ਲਈ ਜ਼ਿੰਮੇਵਾਰ ਹੋਵੇਗਾ (231.4)। ਇਹ ਮੰਗ ਕਰਦਾ ਹੈ ਕਿ ਵਿੱਦਿਅਕ ਅਦਾਰੇ ਅਤੇ ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ, ਹਰੇਕ ਭਿੰਨ-ਭਿੰਨ ਜ਼ਿੰਮੇਵਾਰੀ ਦੇ ਨਾਲ ਨੇੜਿਓਂ ਇਕੱਠੇ ਕੰਮ ਕਰਨ।

ਸਥਾਨਕ ਲਾਈਸੈਂਸ ਪਾਇਆ ਹੋਇਆ ਸੇਵਕ. . .

- ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ ਦੇ ਅਧੀਨ ਸੇਵਕਾਂ ਲਈ ਇੱਕ ਪ੍ਰਮਾਣਤ ਅਧਿਐਨ ਪਾਠਕ੍ਰਮ ਨੂੰ ਚਲਾਉਣ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ (428.4)। ਆਮ ਉਮੀਦ ਇਹ ਹੈ ਕਿ ਹਰੇਕ ਵਿਦਿਆਰਥੀ ਉਸ ਦੇ ਸੰਸਾਰ ਦੇ ਖੇਤਰ ਵਿੱਚ ਕਲੀਸਿਯਾ ਦੁਆਰਾ ਪ੍ਰਬੰਧ ਕੀਤੇ ਸਭ ਤੋਂ ਜਿਆਦਾ ਅਧਿਐਨ ਪਾਠਕ੍ਰਮ ਦਾ ਲਾਭ ਲਵੇਗਾ ਜਾਂ ਲਵੇਗੀ (426.1)।

ਇੱਕ ਪ੍ਰਮਾਣਤ ਪਾਠਕ੍ਰਮ...

- ਸਿੱਖਿਆ ਪ੍ਰਦਾਨ ਕਰਨ ਵਾਲਿਆਂ ਵਿੱਚੋਂ ਇੱਕ ਦੁਆਰਾ ਵਿਕਸਿਤ ਕੀਤਾ ਜਾਂਦਾ ਹੈ (426.1)। EURASIA ਖੇਤਰ ਵਿੱਚ ਚਾਰ ਪ੍ਰਮਾਣਤ ਅਧਿਐਨ ਪਾਠਕ੍ਰਮ ਮੌਜੂਦ ਹੁੰਦੇ ਹਨ, ਚਾਰ ਸਿੱਖਿਆ ਪ੍ਰਦਾਨ ਕਰਨ ਵਾਲਿਆਂ ਦੇ ਦੁਆਰਾ ਈਸਟਰਨ ਮੈਡੀਟੇਰੀਅਨ ਨਾਜ਼ਰੀਨ ਬਾਈਬਲ ਕਾਲੇਜ (EMNBC); ਯੂਰੋਪੀਅਨ ਨਾਜ਼ਰੀਨ ਬਾਈਬਲ ਕਾਲੇਜ (EuNC); ਨਾਜ਼ਰੀਨ ਥਿਓਲਜੀਕਲ ਕਾਲੇਜ ਮਾਨਚੈਸਟਰ (NTC) ਅਤੇ ਸਾਊਥ ਏਸ਼ੀਆ ਨਾਜ਼ਰੀਨ ਬਾਈਬਲ ਕਾਲੇਜ (SANBC) ।

ਦਾ ਡਿਸਟਿਕ ਮਿਨਸਟਰੀਅਲ ਸਟਡੀ ਬੋਰਡਸ…

- ਨਿਯੁਕਤੀ ਨੂੰ ਨਿਰਧਾਰਿਤ ਕਰਦਾ ਅਤੇ ਹਰੇਕ ਵਿਦਿਆਰਥੀ ਦੀ ਉਸ ਦੇ ਪ੍ਰਮਾਣਤ ਅਧਿਐਨ ਪਾਠਕ੍ਰਮ ਵਿੱਚ ਉੱਨਤੀ ਦਾ ਮੁਲਾਂਕਣ ਕਰਦਾ ਹੈ (426)।
- ਉਤਸਾਹਿਤ ਕਰਨ, ਸਹਾਇਤਾ ਕਰਨ, ਅਤੇ ਵਿਦਿਆਰਥੀਆਂ ਨੂੰ ਇੱਕ ਨਾਜ਼ਰੀਨ ਵਿੱਦਿਅਕ ਸਿੱਖਿਆ ਦਾਅਰੇ ਦੇ ਦੁਆਰਾ ਪ੍ਰਬੰਧ ਕੀਤੇ ਪ੍ਰਮਾਣਤ ਪਾਠਕ੍ਰਮ ਵਿੱਚ ਨਾਮ ਦਰਜ਼ ਕਰਨ ਵਿੱਚ ਅਗਵਾਈ ਕਰਦਾ ਹੈ (230.6)।
- ਇੱਕ ਪ੍ਰਮਾਣਤ ਅਧਿਐਨ ਪਾਠਕ੍ਰਮ ਵਿੱਚ ਭਰਤੀ ਹੋਏ ਸਾਰੇ ਉਮੀਦਵਾਰਾਂ ਦੀ ਨਿਰੰਤਰ ਨਿਗਰਾਨੀ ਦਾ ਪ੍ਰਬੰਧ ਕਰਦਾ ਹੈ (230.2)।
- ਸਲਾਨਾ ਜਾਂਚ ਕਰਦਾ ਅਤੇ ਪ੍ਰਮਾਣਤ ਅਧਿਐਨ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਦੀ ਉੱਨਤੀ ਕਰਦਾ ਹੈ (230.1)।
- ਪ੍ਰਮਾਣਤ ਪਾਠਕ੍ਰਮ ਅਧਿਐਨ ਵਿੱਚ ਵਿਦਿਆਰਥੀਆਂ ਦੀ ਉੱਨਤੀ ਦੇ ਇੱਕ ਯੋਗ ਵੇਰਵੇ ਨੂੰ ਰੱਖਦਾ ਹੈ (230.4)।
- ਹਰੇਕ ਉਮੀਦਵਾਰ ਦੀ ਵਿੱਦਿਅਕ ਉੱਨਤੀ ਦੇ ਸੰਬੰਧ ਵਿੱਚ ਡਿਸਟਿਕ ਮਿਨਸਟਰੀਅਲ ਕਰੇਡਨਸ਼ੀਅਲ ਬੋਰਡ ਨੂੰ ਸਾਰੇ ਅਨੁਕੂਲ ਆਂਕੜਿਆਂ ਦੀ ਰਿਪੋਰਟ ਦਿੰਦਾ ਹੈ (231.3)।
- ਡਿਸਟਿਕ ਏਸਮਬਲੀ ਨੂੰ ਸਥਾਨ ਨਿਯੁਕਤੀ ਅਤੇ ਉੱਨਤੀ ਵਿੱਚ ਅਤੇ ਪ੍ਰਮਾਣਤ ਅਧਿਐਨ ਪਾਠਕ੍ਰਮ ਲਈ ਸਲਾਨਾ ਸਿਫਾਰਸ਼ ਕਰਦਾ ਹੈ (231.3)।

ਇਨ੍ਹਾਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੇ ਲਈ, ਦਾ ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ ਸਿੱਖਿਆ ਪ੍ਰਦਾਨ ਕਰਨ ਵਾਲੇ ਨਾਲ ਗੂੜ੍ਹਾ ਮੇਲ ਰੱਖਣ ਦੀ ਲੋੜ ਹੁੰਦੀ ਹੈ। ਹੇਠਾਂ ਦਿੱਤੀਆਂ ਸਿਫਾਰਸ਼ਾਂ EURASIA ਖੇਤਰ ਵਿੱਚ ਉਨ੍ਹਾਂ ਦੇ ਜਿਲ੍ਹਿਆਂ ਨਾਲ ਚਾਰ ਕਾਲੇਜਾਂ ਦੇ ਉੱਤਮ ਅਭਿਆਸਾਂ ਤੇ ਅਧਾਰਿਤ ਹੈ।

- ਜਦੋਂ ਇੱਕ ਵਿਦਿਆਰਥੀ ਇੱਕ ਸਿੱਖਿਆਤਮਕ ਅਦਾਰੇ ਵਿੱਚ ਬੇਨਤੀ ਪੱਤ੍ਰ ਭੇਜਦਾ ਹੈ, ਵਿਦਿਆਰਥੀ ਦੇ ਪਾਸਟਰ ਤੋਂ ਜਾਂ ਡਿਸਟਿਕ ਸੁਪਰੀਡੈਂਟ ਤੋਂ ਇੱਕ ਪਾਸਟਰ ਹਵਾਲੇ ਦੀ ਲੋੜ ਹੁੰਦੀ ਹੈ।
- ਵਿਦਿਆਰਥੀ ਦੇ ਨਾਲ ਇੱਕ ਇਕਰਾਰਨਾਮਾ ਕੀਤਾ ਜਾਂਦਾ ਹੈ ਕਿ ਸਿੱਖਿਆਤਮਕ ਅਦਾਰਾ ਸਲਾਨਾ ਇੱਕ ਉੱਨਤੀ ਦੀ ਰਿਪੋਰਟ ਨੂੰ (ਜਿਵੇਂ ਕਿ ਪ੍ਰਤੀਲਿਪੀ ਜਾਂ ਸੰਖੇਪ ਜੀਵਨੀ ਦੇ ਖੰਡ) ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ ਨੂੰ ਭੇਜਦਾ ਹੈ।
- ਜੇਕਰ ਸੰਭਵ ਹੋਵੇ ਤਾਂ ਇੱਕ ਸਲਾਨਾ ਮੀਟਿੰਗ ਵਿਦਿਆਰਥੀ ਦੇ ਨਾਲ ਪ੍ਰਬੰਧ ਕੀਤੀ ਜਾਂਦੀ ਹੈ, ਸਕੂਲ ਤੋਂ ਇੱਕ ਫੈਕਲਟੀ ਪ੍ਰਤੀਨਿਧ ਅਤੇ ਇੱਕ ਜਿਲ੍ਹਾ ਪ੍ਰਤੀਨਿਧੀ (ਜਿਵੇਂ ਕਿ ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ ਦੇ ਮੈਂਬਰ) ਵਿਦਿਆਰਥੀ ਦੀ ਉੱਨਤੀ ਦਾ ਮੁਲਾਂਕਣ ਕਰਨ ਦੇ ਲਈ।
- ਵਿੱਦਿਅਕ ਡੀਨ ਸਕੂਲ ਦੇ ਪ੍ਰਮਾਣਤ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਦੀ ਉੱਨਤੀ ਤੇ ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ ਦੀਆਂ ਸਲਾਨਾ ਮੀਟਿੰਗਾਂ ਦੇ ਲਈ ਸੱਦਾ ਦਿੱਤਾ ਜਾਂਦਾ ਹੈ।
- ਸਕੂਲਾਂ ਦੇ ਵਿੱਦਿਅਕ ਡੀਨ ਵਿਅਕਤੀਆਂ ਨਾਲ ਸਲਾਹ ਕੀਤੀ ਜਾਣੀ ਚਾਹੀਦੀ ਹੈ ਕਿਉਂ ਜੋ ਗੈਰ-ਨਾਜ਼ਰੀਨ ਸਿੱਖਿਆ ਅਦਾਰਿਆਂ ਤੋਂ ਵਿਦਿਆਰਥੀਆਂ ਦੀਆਂ ਪ੍ਰਤੀਲਿਪੀਆਂ ਦੇ ਮੁਲਾਂਕਣ ਕਰਨ ਦੀ ਲੋੜ ਹੁੰਦੀ ਹੈ, ਜਾਂ ਜਦੋਂ ਵਿਦਿਆਰਥੀ ਜਿਲ੍ਹਾ ਅਧਿਐਨ ਪਾਠਕ੍ਰਮ ਦੀ ਬਜਾਏ ਕਿਸੇ ਹੋਰ ਪ੍ਰਮਾਣਤ ਅਧਿਐਨ ਪਾਠਕ੍ਰਮ ਤੋਂ ਬਦਲਦੇ ਹਨ। ਡੀਨ ਵਿਅਕਤੀਆਂ ਦਾ ਮੁਲਾਂਕਣ ਬੋਰਡ ਦੇ ਲਈ ਇੱਕ ਸਿਫਾਰਸ਼ ਹੋਵੇਗਾ, ਜਿਨ੍ਹਾਂ ਨੂੰ ਤਦ ਅੰਤਿਮ ਫ਼ੈਸਲਾ ਕਰਨ ਦੀ ਲੋੜ ਹੁੰਦੀ ਹੈ।

ਸੰਚਾਰ ਦੀਆਂ ਸਤਰਾਂ ਲਈ ਜ਼ਮੀਮਾ
ਡਿਸਟਿਕ ਬੋਰਡ ਆਫ ਮਿਨਸਟਰੀਅਲ ਕਰੇਡਨਸ਼ੀਅਲ

## ਉਮੀਦਵਾਰਾਂ ਦੀ ਪੜਤਾਲ ਅਤੇ ਪੁੱਛਣ ਲਈ ਪ੍ਰਸ਼ਨ

ਕਈ ਵਾਰ ਡਿਸਟਿਕ ਬੋਰਡ ਆਫ ਮਿਨਸਟਰੀਅਲ ਕਰੇਡਨਸ਼ੀਅਲ ਕਿਸੇ ਨੂੰ ਓਰਡੀਨੇਸ਼ਨ ਦੇ ਰਾਹ ਤੇ ਚੱਲਦੇ ਹੋਏ ਸਹੀ ਪ੍ਰਸ਼ਨ ਦੇ ਲਈ ਆਉਣ ਵਾਸਤੇ ਕੋਸ਼ਿਸ਼ ਕਰਦਾ ਹੋਇਆ ਘਾਟੇ ਵਿੱਚ ਹੁੰਦਾ ਹੈ। ਸਚਿਆਈ ਇਹ ਹੈ, ਕੁਝ ਪੁੱਛੇ ਜਾਣ ਵਾਲੇ ਪ੍ਰਸ਼ਨ ਕਾਫੀ ਵਿਅਕਤੀਗਤ ਹੁੰਦੇ ਹਨ, ਅਤੇ ਕੋਈ ਵੀ ਕਿਸੇ ਦੇ ਗੁਪਤ ਅਤੇ ਆਤਮਿਕ ਜੀਵਨ ਵਿੱਚ ਦਖਲ ਦੇਣ ਨੂੰ ਸੌਖਾ ਮਹਿਸੂਸ ਨਹੀਂ ਕਰਦਾ ਹੈ। ਇਸ ਕਾਰਨ ਲਈ, ਇਹ ਮਹੱਤਵਪੂਰਨ ਹੈ ਕਿ ਪਹਿਲੇ ਇੰਟਰਵਿਊ ਤੋਂ ਹੀ ਉਮੀਦਾਵਰ ਜਾਣਦੇ ਹਨ ਕਿ ਉਹ ਪਰੀਖਿਅਕਾਂ ਦੀ ਹਜ਼ੂਰੀ ਵਿੱਚ ਨਹੀਂ ਹਨ, ਪਰ ਮਿੱਤਰਾਂ ਦੀ ਹਜ਼ੂਰੀ ਵਿੱਚ ਹਨ। ਬੋਰਡ ਦੀ ਇੱਕੋ-ਇੱਕ ਭੂਮਿਕਾ ਦਾ ਇਰਾਦਾ ਉਮੀਦਾਵਰਾਂ ਨੂੰ ਪਰਮੇਸ਼ੁਰ ਦੀ ਬੁਲਾਹਟ ਵਿੱਚ ਓਹਨਾਂ ਦੇ ਵਫ਼ਾਦਾਰ ਹੋਣ ਲਈ ਇੱਛਾ ਵਿੱਚ ਸਮਰਥਣ ਕਰਦਾ ਹੋਣਾ ਚਾਹੀਦਾ ਹੈ, ਅਤੇ ਇਸ ਦੇ ਨਾਲ ਹੀ, ਉਸ ਦੇ ਜੀਵਨ ਨੂੰ ਆਕਾਰ ਦੇਣਾ ਤਾਂ ਜੋ ਉਹ ਓਹ ਸਭ ਹੋ ਸਕੇ ਜੋ ਕਿ ਓਹ ਮਸੀਹ ਦੇ ਵਿੱਚ ਹੋ ਸਕਦੇ ਹਨ।

ਵਿਅਕਤੀਗਤ, ਅਤੇ ਇੱਥੋਂ ਤੱਕ ਕਿ ਮੁਸ਼ਕਿਲ ਪ੍ਰਸ਼ਨਾਂ ਨੂੰ ਪੁੱਛਣਾ ਸੌਖਾ ਹੁੰਦਾ ਹੈ, ਜਦੋਂ ਕਿ ਇਹ ਪਿਆਰ ਅਤੇ ਗੰਭੀਰ ਦੇਖਰੇਖ ਦੇ ਇੱਕ ਵਾਤਾਵਰਣ ਵਿੱਚ ਕੀਤਾ ਜਾਂਦਾ ਹੈ। ਬੋਰਡ ਨੂੰ ਇਹ ਮਨ ਵਿੱਚ ਰੱਖਣਾ ਚਾਹੀਦਾ ਹੈ ਕਿ ਇੰਟਰਵਿਊ ਸਮਾਂ ਪਿਆਰ ਅਤੇ ਭਰੋਸੇ ਦੇ ਇੱਕ ਸੰਬੰਧ ਨੂੰ ਸਥਾਪਿਤ ਕਰਨ, ਅਤੇ ਉਮੀਦਵਾਰਾਂ ਦੇ ਵਿਚਾਰਾਂ, ਸੰਘਰਸ਼ਾਂ, ਅਤੇ ਸੁਫ਼ਨਿਆਂ ਤੀਕ ਪਹੁੰਚਣ ਦਾ ਇੱਕ ਵਿੱਲਖਣ ਮੌਕਾ ਹੁੰਦਾ ਹੈ (ਜੋ ਕਿ ਕੁਝ ਅਜਿਹਾ ਹੈ ਜੋ ਕਿ ਤੁਸੀਂ ਇਸ ਤੋਂ ਪਹਿਲਾਂ ਕਿ ਤੁਸੀਂ ਓਹਨਾਂ ਨੂੰ ਪ੍ਰਾਪਤ ਕਰੋ ਜਾਣਨਾ ਚਾਹੁੰਦੇ ਹੋ!)

ਇਸ ਤਰ੍ਹਾਂ, ਇੰਟਰਵਿਊ ਦੇ ਦੋਰਾਨ, ਕਿਹੜੇ ਕੁਝ ਸੁਰਾਗ ਹਨ ਜਿਨ੍ਹਾਂ ਦੇ ਲਈ ਮਿਨਸਟਰੀਅਲ ਕਰੇਡਨੀਸ਼ਅਲ ਬੋਰਡ ਨੂੰ ਵੇਖਣਾ ਚਾਹੀਦਾ ਹੈ?

EURASIA ਖੇਤਰੀ ਸ੍ਰੋਤਪੁਸਤਕ ਦੇ ਅਨੁਸਾਰ, ਚਰਚ ਆਫ ਨਾਜ਼ਰੀਨ ਦੀ ਸੇਵਕਾਈ ਵਿੱਚ "ਹੋਂਦ," "ਜਾਣਨਾ," ਅਤੇ "ਕਰਨ" ਦੇ ਮ੍ਰਿਸ਼ਣ ਦਾ ਇੱਕ ਸੰਤੁਲਨ ਹੋਣਾ ਚਾਹੀਦਾ ਹੈ (436.6)। ਸ੍ਰੋਤਪੁਸਤਕ ਇਨ੍ਹਾਂ ਤਿੰਨ ਮਹੱਤਵਪੂਰਨ ਖੰਡਾਂ ਨੂੰ ਵਿਸਥਾਰਪੂਰਵਕ ਖੋਜਦੀ ਹੈ:

**ਸੇਵਕ ਦੇ "ਹੋਣ ਲਈ," ਚਾਹੇ ਗਏ ਨਤੀਜੇ ਹੇਠਾਂ ਦਿੱਤੇ ਵਿੱਚ ਪ੍ਰਗਟ ਕੀਤੇ ਗਏ ਹਨ:**

- ਪਰਮੇਸ਼ੁਰ ਨੂੰ ਸਾਰੇ ਦਿਲ, ਆਤਮਾ, ਮਨ ਅਤੇ ਤਾਕਤ ਨਾਲ ਪਿਆਰ ਕਰਨਾ ਅਤੇ ਗੁਆਂਢੀ ਨੂੰ ਆਪਣੇ ਜਿਹਾ, ਜਿਵੇਂ ਕਿ ਪਵਿੱਤਰ ਸ਼ਾਸਤਰ ਵਿੱਚ ਆਦੇਸ਼ ਦਿੱਤਾ ਗਿਆ ਅਤੇ ਮਸੀਹ ਦੀ-ਸਮਾਨਤਾ ਵਿੱਚ ਪ੍ਰਗਟ ਕੀਤਾ ਗਿਆ ਹੈ।
- ਪਰਮੇਸ਼ੁਰ ਦੀ ਬੁਲਾਹਟ ਵਿੱਚ ਬਣੇ ਰਹਿਣ ਦੀ ਇੱਕ ਸਮਝ ਨਾਲ ਇੱਕ ਡੂੰਘੀ ਆਤਮਿਕਤਾ।
- ਵਿਸ਼ਵਾਸ ਦੇ ਸਮਾਜ ਨਾਲ ਸੰਬੰਧ ਵਿੱਚ ਇੱਕ ਵਿਅਕਤੀ ਵਜੋਂ ਹੋਂਦ।
- ਨਿਰਵਿਵਾਦ ਅਖੰਡਤਾ ਅਤੇ ਆਦਰ।
- ਤਰਸ, ਧੀਰਜ ਅਤੇ ਸਹਿਣਸ਼ੀਲਤਾ।
- ਆਤਮ-ਅਨੁਸ਼ਾਸਨ ਅਤੇ ਆਤਮ-ਸੰਜਮ
- ਹਲੀਮਤਾ, ਸੱਜਣਤਾ ਅਤੇ ਦੂਜਿਆਂ ਦੇ ਲਈ ਸੰਵੇਦਨਸ਼ੀਲਤਾ।
- ਜਨੂਨ ਅਤੇ ਦਲੇਰੀ।
- ਬੁੱਧੀ ਅਤੇ ਸਿਆਣਪ
- ਦਰਸ਼ਣ ਅਤੇ ਸਮਰਪਣ

**ਸੇਵਕ ਦੇ "ਜਾਨਣ" ਲਈ, ਚਾਹੇ ਗਏ ਨਤੀਜੇ ਹਨ:**

- ਪਵਿੱਤਰ ਵਚਨਾਂ ਦਾ ਇੱਕ ਪੂਰਨ ਗਿਆਨ ਅਤੇ ਅਨੁਵਾਦ ਦੇ ਢੰਗ।
- ਮਸੀਹੀ ਅਧਿਆਤਮਕ ਸਿੱਖਿਆ ਦੀ ਇੱਕ ਸਪੱਸ਼ਟ ਸਮਝ ਅਤੇ ਖਾਸ ਕਰਕੇ ਇਸ ਦੇ ਅੰਦਰ ਮਸੀਹੀ ਪਵਿੱਤਰਤਾ ਦਾ ਸਥਾਨ।
- ਮਸੀਹੀ ਕਲੀਸਿਯਾ ਦੇ ਇਤਹਾਸ ਦੀ ਇੱਕ ਠੋਸ ਪਕੜ ਅਤੇ ਸਦੀਆਂ ਤੋਂ ਇਸ ਦੇ ਮਿਸ਼ਨ ਦੀ।
- ਵੇਸਲੀਅਨ ਥੀਓਲਜੀਕਲ ਵਿਰਾਸਤ ਅਤੇ ਰਵਾਇਤ ਦਾ ਇੱਕ ਗਿਆਨ।
- ਆਤਮਿਕ ਜੀਵਨ ਦੇ ਅਨੁਸ਼ਾਸਨਾਂ ਦਾ ਇੱਕ ਕੰਮ ਕਰਨ ਵਾਲਾ ਗਿਆਨ।
- ਵਿਸ਼ਵਾਸ ਦੇ ਸਮਾਜ ਵਿੱਚ ਮਸੀਹੀ ਅਰਾਧਨਾ ਦੀ ਵਿਸ਼ੇਸ਼ਤਾ, ਕਿਸਮਾਂ ਅਤੇ ਸਥਾਨ ਦੀ ਇੱਕ ਸਮਝ।
- ਮਸੀਹੀ ਵਿਅਕਤੀਗਤ ਅਤੇ ਸਮਾਜਿਕ ਸਦਾਚਾਰ ਦੀ ਇੱਕ ਪੱਕੀ ਸਮਝ।

- ਸੰਚਾਰ ਸਿਧਾਂਤ ਅਤੇ ਹੁਨਰਾਂ ਦਾ ਇੱਕ ਗਿਆਨ, ਖਾਸ ਕਰਕੇ ਪਰਚਾਰ ਕਰਨਾ, ਅਤੇ ਸਿੱਖਿਆ ਅਤੇ ਆਪਸੀ ਵਿਅਕਤੀਗਤ ਹੁਨਰਾਂ ਨੂੰ ਵੀ ਸ਼ਾਮਿਲ ਕਰਕੇ।
- ਮਸੀਹ-ਸਮਾਨ ਅਗਵਾਈ ਦੇ ਵੇਗ ਦੀ, ਸਥਾਨਕ ਪ੍ਰਬੰਧ, ਅਤੇ ਮਿਸ਼ਨ ਅਤੇ ਸੇਵਕਾਈ ਦੇ ਨਮੂਨੇ, ਅਤੇ ਅਗਵਾਈ ਅਤੇ ਪ੍ਰਬੰਧ ਦੇ ਦੁਨਿਆਵੀ ਨਮੂਨਿਆਂ ਤੋਂ ਭਿੰਨਤਾਵਾਂ ਅਤੇ ਸਮਾਨਤਾਵਾਂ ਦੀ ਇੱਕ ਸਮਝ।
- ਮਨੁੱਖੀ ਸਥਿਤੀ ਦੇ ਟੁੱਟੇਪਣ ਦੀ ਇੱਕ ਜਾਣਕਾਰੀ – ਵਿਅਕਤੀਗਤ ਅਤੇ ਸਮਾਜਿਕ ਦੋਹੇਂ ਹੀ।
- ਮਨੁੱਖੀ ਜੀਵਨ ਅਤੇ ਸਥਾਨਕ ਕਲੀਸਿਯਾ ਅਤੇ ਸਮਾਜ ਦੇ ਸਮੂਹਾਂ, ਜਿਸ ਵਿੱਚ ਵੈਵਾਹਿਕ ਅਤੇ ਪਰਿਵਾਰ ਵੀ ਸ਼ਾਮਿਲ ਹੈ ਦੇ ਵੇਗ ਦੀ ਇੱਕ ਸਮਝ।
- ਮਨੁੱਖੀ ਇਤਹਾਸ ਅਤੇ ਸੱਭਿਆਚਾਰ ਦੀ ਅਵਧੀ ਦੀ ਇੱਕ ਪਕੜ, ਖਾਸ ਕਰਕੇ ਸੇਵਕ ਦੇ ਆਪਣੇ ਪਰਸੰਗ ਵਿੱਚ।
- ਸੱਭਿਆਚਾਰ ਦੇ ਰੁਝਾਨ ਅਤੇ ਸਮਕਾਲੀ ਸਮਾਜ ਵਿੱਚ ਜਿਸ ਵਿਚ ਬਹੁ ਧਰਮ ਸ਼ਾਮਿਲ ਹਨ ਦੇ ਪ੍ਰਭਾਵਾਂ ਬਾਰੇ ਇੱਕ ਜਾਣਕਾਰੀ।
- ਚਰਚ ਆਫ ਨਾਜ਼ਰੀਨ ਦੀ ਨੀਤੀ ਅਤੇ ਅਭਿਆਸ ਦੀ ਕਿਰਿਆ ਦਾ ਇੱਕ ਗਿਆਨ।
- ਸਮਾਜ ਦੇ ਵਿੱਚ ਕਾਨੂੰਨੀ ਢਾਂਚੇ ਦੀ ਇੱਕ ਜਾਣਕਾਰੀ ਜਿਸ ਦੇ ਵਿੱਚ ਕਲੀਸਿਯਾ ਕੰਮ ਕਰਦੀ ਹੈ।

**ਸੇਵਕ ਦੇ "ਕਰਨ ਲਈ", ਚਾਹੇ ਗਏ ਨਤੀਜੇ ਹਨ:**

- ਇੱਕ ਧਰਮੀ ਜੀਵਨ ਅਤੇ ਮਹੱਤਵਪੂਰਨ ਪਵਿੱਤਰਤਾ ਦਾ ਇੱਕ ਨਮੂਨਾ।
- ਵਿਅਕਤੀਗਤ, ਪਰਿਵਾਰਿਕ, ਅਤੇ ਕਲੀਸਿਯਾ ਵਿਕਾਸ ਬਾਰੇ ਪ੍ਰਾਰਥਨਾ ਪੂਰਵਕ ਸੋਚਣਾ
- ਸਾਰੇ ਸੰਬੰਧਾਂ ਵਿੱਚ ਅਖੰਡਤਾ ਅਤੇ ਆਦਰ ਨਾਲ ਕੰਮ ਕਰਨਾ।
- ਦੂਜਿਆਂ ਨੂੰ ਪਰਮੇਸ਼ੁਰ ਦੇ ਪਿਆਰ ਨਾਲ ਜਵਾਬ ਦੇਣਾ।
- ਪਰਮੇਸ਼ੁਰ ਦੇ ਲੋਕਾਂ ਦੀ ਅਰਾਧਨਾ, ਮਿਸ਼ਨ ਅਤੇ ਸੇਵਾ ਵਿੱਚ ਅਗਵਾਈ ਕਰਨਾ।
- ਸੰਤਾਂ ਨੂੰ ਸੇਵਕਾਈ ਦੇ ਕੰਮ ਲਈ ਸਿੱਧ ਕਰਨਾ।
- ਇੱਕ ਸੱਭਿਆਚਾਰਕ ਅਨੁਕੂਲ ਢੰਗ ਵਿੱਚ ਸਪੱਸ਼ਟਤਾ ਨਾਲ ਪਰਮੇਸ਼ੁਰ ਦੇ ਵਚਨ ਦਾ ਪਰਚਾਰ ਕਰਨਾ।
- ਵਚਨ ਅਤੇ ਉਦਾਹਰਣ ਦੇ ਦੁਆਰਾ ਸਿਖਾਉਣਾ।
- ਗੁਆਚੇ ਹੋਇਆਂ ਨੂੰ ਇੰਜ਼ੀਲ ਦਾ ਪਰਚਾਰ ਸੁਣਾਉਣਾ।
- ਝੁੰਡ ਨੂੰ ਰਜਾਉਣਾ।
- ਕਲੀਸਿਯਾ ਅਤੇ ਚਰਚ ਦੇ ਮਿਸ਼ਨ ਦਾ ਸਪੱਸ਼ਟਤਾ ਨਾਲ ਉਚਾਰਣ ਕਰਨਾ।
- ਵਿਅਕਤੀ ਅਤੇ ਸਮਾਜ ਦੇ ਟੁੱਟੇਪਣ ਨਾਲ ਸੇਵਾ ਕਰਨਾ।
- ਪਿਆਰ ਵਿੱਚ ਸਚਿਆਈ ਦਾ ਸੰਚਾਰ ਕਰਨਾ।
- ਦੇਖਰੇਖ ਅਤੇ ਸਿਆਣਪ ਨਾਲ ਸੁਣਨਾ।
- ਪਰਮੇਸ਼ੁਰ ਦੇ ਸਾਰੇ ਲੋਕਾਂ ਦੀ ਸੇਵਕਾਈ ਨੂੰ ਸਥਾਨਕ ਪੱਧਰ ਤੇ ਸੁਖਾਲਾ ਬਣਾਉਣਾ।
- ਸਥਾਨਕ ਕਲੀਸਿਯਾ ਦਾ ਜਿਨ੍ਹਾਂ ਲੋੜੀਂਦਾ ਅਤੇ ਅਨੁਕੂਲ ਹੈ ਪ੍ਰਬੰਧ ਕਰਨਾ।
- ਪ੍ਰੋਗਰਾਮ ਅਤੇ ਯੋਜਨਾਵਾਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨਾ।
- ਸੂਚਨਾ ਤਕਨੀਕ ਅਤੇ ਹੋਰ ਸੇਵਕਾਈ ਅਤੇ ਮਿਸ਼ਨ ਲਈ ਜਰੂਰੀ ਮੀਡੀਆ ਵਿੱਚ ਹੁਨਰ ਹਾਸਲ ਕਰਨਾ।
- ਜੀਵਨ ਭਰ ਸਿੱਖਣ ਦੀ ਚਾਹ ਰੱਖਣਾ।

ਇਹ ਤਦ ਬੋਰਡ ਆਫ ਮਿਨਸਟਰੀਅਲ ਕਰੇਡਨਸ਼ੀਅਲ ਦੀ ਜ਼ਿੰਮੇਵਾਰੀ ਹੈ ਉੱਪਰ ਦਿੱਤੇ ਨਤੀਜਿਆਂ ਦੇ ਚਾਨਣ ਵਿੱਚ ਉਮੀਦਵਾਰ ਦੀ ਪੜਤਾਲ ਕਰਨਾ ਅਤੇ ਉਮੀਦਵਾਰਾਂ ਦੇ ਜਰੂਰੀ ਹੁਨਰਾਂ, ਗਿਆਨ ਅਤੇ ਚਰਿੱਤਰ ਗੁਣਾਂ ਵਿੱਚ ਵਿਕਸਿਤ ਹੋਣ ਦੀ ਇੱਛਾ ਦਾ ਸਮਰਥਣ ਕਰਨਾ। ਇਸ ਲਈ, ਜਦੋਂ ਇੱਕ ਉਮੀਦਵਾਰ ਦਾ ਇੰਟਰਵਿਯੂ ਲਿਆ ਜਾਂਦਾ ਹੈ, ਅਜਿਹੇ ਪ੍ਰਸ਼ਨ ਪੁੱਛੇ ਜਾਣਦੇ ਚਾਹੀਦੇ ਹਨ ਜਿਹੜੇ ਕਿ ਬੋਰਡ ਨੂੰ ਇਹ ਸਮਝਣ ਅਤੇ ਮੁਲਾਂਕਣ ਕਰਨ ਵਿੱਚ ਸਹਾਇਤਾ ਕਰਦੇ ਹਨ ਕਿਵੇਂ ਉਹ ਉੱਪਰ ਦਿੱਤੇ ਹਰੇਕ ਖੇਤਰ ਦੇ ਵਿੱਚ ਉੱਨਤ ਕਰਨ ਜਾ ਰਿਹਾ ਹੈ ਜਾਂ ਜਾ ਰਹੀ ਹੈ। ਆਮ ਤੋਰ ਤੇ, ਅਜਿਹੇ ਪ੍ਰਸ਼ਨ ਪੁੱਛਣਾ ਚੰਗੇ ਹੁੰਦੇ ਹਨ ਜਿਹੜੇ ਕਿ ਉਮੀਦਵਾਰ ਨੂੰ ਖੁੱਲ੍ਹਣ ਅਤੇ ਖੁੱਲ੍ਹ ਕੇ ਬੋਲਣ ਦੇ ਲਈ ਮੌਕਾ ਦਿੰਦੇ ਹਨ। ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੀ ਇੱਕ ਨਮੂਨਾ ਸੂਚੀ "ਇੰਟਰਵਿਯੂ ਗਾਈਡ" ਨਾਮ ਰੱਖੇ ਭਾਗ ਦੇ ਵਿੱਚ ਦਿੱਤੀ ਗਈ ਹੈ (ਜ਼ਮੀਮੇ ਤੋਂ ਹੇਠਾਂ ਵੇਖੋ)। ਜਦੋਂ ਕਿ ਸਿਰਫ ਇਹੋ ਹੀ ਪ੍ਰਸ਼ਨ ਨਹੀਂ ਹਨ ਜਿਹੜੇ ਕਿ ਪੁੱਛੇ ਜਾ ਸਕਦੇ ਹਨ (ਜਾਂ ਪੁੱਛੇ ਜਾਣੇ ਚਾਹੀਦੇ ਹਨ), "ਇੰਟਰਵਿਯੂ ਗਾਈਡ" ਬੋਰਡ ਆਫ ਮਿਨਸਟਰੀ ਨੂੰ ਪੰਜ ਖੇਤਰਾਂ ਵਿੱਚ ਪ੍ਰਸ਼ਨ ਪੁੱਛਣ ਲਈ ਪ੍ਰਬੰਧ ਕਰਦਾ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦਾ ਹੈ – ਵਿਅਕਤੀਗਤ ਵਿਸ਼ਵਾਸ, ਅਧਿਆਤਮਕ ਗਿਆਨ, ਪਾਸਟਰ ਕਿਰਿਆਵਾਂ ਅਤੇ ਟਿੱਚੇ, ਚਰਿੱਤਰ, ਅਤੇ ਸੇਵਕਾਈ ਦਾ ਪਦ।

## ਡਿਸਟਿਕ ਬੋਰਡ ਆਫ ਮਿਨਸਟਰੀਅਲ ਕਰਡੇਨਸ਼ੀਅਲਸ

## ਇੰਟਰਵਿਊ ਗਾਈਡ

(ਮੈਨੋਨਾਈਟ ਚਰਚ ਦੁਆਰਾ ਵਿਕਸਿਤ ਇੰਟਰਵਿਊ ਗਾਈਡ ਸਾਮੱਗ੍ਰੀ ਤੇ ਅਧਾਰਿਤ)

**ਆਮ ਦਿਸ਼ਾ-ਨਿਰਦੇਸ਼**

☐ ਵਿਸਤਰਤ ਟਿੱਚਾ ਇਹ ਸਿਆਣਨਾ ਹੈ ਕਿ ਕੀ ਚਰਚ ਆਫ ਨਾਜ਼ਰੀਨ ਦੇ ਅੰਦਰ ਉਮੀਦਵਾਰ ਲਈ ਪਰਿਚੈ ਉਨ੍ਹਾਂ ਦੀ ਸੇਵਕਾਈ ਵਿੱਚ ਉਨ੍ਹਾਂ ਦੇ ਅਧਿਆਤਮਕ ਗਿਆਨ ਅਤੇ ਜੀਵਨ ਵਿੱਚ ਇੱਕ ਮਸੀਹੀ ਸਮਰਪਣ ਦੀ ਸਪੱਸ਼ਟ ਸਮਝ ਨੂੰ, ਵਿੱਲਖਣ ਸੇਵਕਾਈ ਦੀ ਭੂਮਿਕਾ ਦੇ ਲਈ ਇੱਕ ਸਮਝ ਨੂੰ ਜਿਸ ਦੇ ਲਈ ਉਹ ਸੱਦੇ ਗਏ ਹਨ, ਅਤੇ ਪਰਮੇਸ਼ੁਰ ਦੇ ਪਿਆਰ ਅਤੇ ਗਿਆਨ ਦੇ ਵਿੱਚ ਵੱਧਣ ਦੀ ਇੱਕ ਇੱਛਾ ਨੂੰ ਲਿਆਉਂਦਾ ਹੈ ਜਾਂ ਨਹੀਂ।

☐ ਜਦੋਂ ਕਿ ਸਾਨੂੰ ਮਸੀਹ ਵਿੱਚ ਭੈਣਾਂ ਅਤੇ ਭਰਾਵਾਂ ਵਜੋਂ ਆਤਮਾ ਵਿੱਚ ਇਸ ਇੰਟਰਵਿਊ ਵਿੱਚ ਪਹੁੰਚਣਾ ਹੈ, ਹਰੇਕ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਇਹ ਇੱਕ ਦੋਸਤਾਨਾ ਜਾਣ-ਪਛਾਣ ਦੀ ਮੁਲਾਕਾਤ ਦੇ ਨਾਲੋਂ ਵੱਧ ਕੇ ਹੈ। ਇੱਥੇ ਇੱਕ ਥੋੜੇ ਸਮੇਂ ਦੇ ਵਿੱਚ ਕੀਤੇ ਜਾਣ ਦੇ ਲਈ ਇੱਕ ਮਹੱਤਵਪੂਰਨ ਕੰਮ ਹੈ। ਬੋਰਡ ਦੇ ਮੈਂਬਰਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕੁਝ ਉਮੀਦਵਾਰ ਇਸ ਇੰਟਰਵਿਊ ਵਿੱਚ ਉੱਚ ਉਮੀਦਾਂ ਨਾਲ ਆਉਂਦੇ ਹਨ, ਜਦੋਂ ਕਿ ਉਹ ਈਮਾਨਦਾਰੀ ਨੂੰ ਜਾਹਰ ਕਰਨ ਅਤੇ ਉਨ੍ਹਾਂ ਦੇ ਵਿਸ਼ਵਾਸ, ਉਨ੍ਹਾਂ ਦੀ ਅਧਿਆਤਮਕ ਸਮਝ, ਅਤੇ ਸੇਵਕਾਈ ਦੇ ਲਈ ਉਨ੍ਹਾਂ ਦੇ ਦਰਸ਼ਣ ਦੇ ਖੁੱਲ੍ਹੇਪਣ ਦੀ ਇੱਕ ਇੱਛਾ ਨਾਲ ਆਉਂਦੇ ਹਨ। ਦੂਜੇ ਪਾਸੇ, ਕੁਝ ਚਿੰਤਾਂ ਦੀ ਇੱਕ ਡੂੰਘੀ ਸਮਝ ਦੇ ਨਾਲ ਆ ਸਕਦੇ ਹਨ, ਜਦੋਂ ਉਹ ਆਪਣੇ ਆਪ ਨੂੰ ਇੱਕ ਅਜਿਹੇ ਸਮੂਹ ਦੇ ਹੱਥਾਂ ਵਿੱਚ ਵੇਖਦੇ ਹਨ ਜਿਹੜਾ ਕਿ ਉਨ੍ਹਾਂ ਦੇ ਭਵਿੱਖ ਦਾ ਫ਼ੈਸਲਾ ਕਰਨ ਜਾ ਰਿਹਾ ਹੈ। ਢੁੱਕਵੇਂ ਮਾਪਦੰਡ ਹਰੇਕ ਉਮੀਦਵਾਰ ਨੂੰ ਸੁਖਾਲਾ ਬਣਾਉਣ ਦੇ ਲਈ ਲਏ ਜਾਣੇ ਚਾਹੀਦੇ ਹਨ।

☐ ਇੰਟਰਵਿਊ ਨਿਸ਼ਾਨੇ ਅਤੇ ਮੁਲਾਂਕਣ ਪ੍ਰਸ਼ਨ ਇਹ ਪਛਾਣ ਕਰਾਉਂਦੇ ਹਨ ਕਿ ਬੋਰਡ ਇਸ ਇੰਟਰਵਿਊ ਵਿੱਚ ਕੀ ਪਤਾ ਕਰਨ ਨੂੰ ਭਾਲ ਰਿਹਾ ਹੈ। ਇੰਟਰਵਿਊ ਪ੍ਰਸ਼ਨ ਪ੍ਰਸ਼ਨਾਂ ਦੇ ਨਮੂਨੇ ਹੋਣ ਵਜੋਂ ਤਿਆਰ ਕੀਤੇ ਗਏ ਹਨ ਜੋ ਕਿ ਜਰੂਰੀ ਅੰਤਰਦ੍ਰਿਸ਼ਟੀ ਨੂੰ ਪ੍ਰਾਪਤ ਕਰਨ ਵਿੱਚ ਸਹਾਇਕ ਹੋ ਸਕਦੇ ਹਨ। ਫਿਰ ਵੀ, **ਇਹ ਇੰਟਰਵਿਊ ਕਰ ਰਹੇ ਬੋਰਡ ਮੈਂਬਰਾਂ ਦੇ ਲਈ ਸਦਾ ਮਹੱਤਵਪੂਰਨ ਹੈ ਇਸ ਤੋਂ ਇਲਾਵਾ ਜਾਂ ਇਸ ਸਹਾਇਕ ਵਿੱਚ ਉਨ੍ਹਾਂ ਦੇ ਸਥਾਨ ਤੇ ਆਪਣੇ ਪ੍ਰਸ਼ਨਾਂ ਨੂੰ ਤਿਆਰ ਕਰੇ।** ਦੂਜੇ ਸ਼ਬਦਾਂ ਵਿੱਚ, ਇਸ ਸਹਾਇਕ ਦਾ ਇੱਕ ਨੇਮਕਤਾ, ਯਥਾਰਥਕਤਾ ਢੰਗ ਵਿੱਚ ਅਨੁਸਰਣ ਕਰਨਾ ਉਸ ਤਰ੍ਹਾਂ ਪ੍ਰਯੋਗ ਕਰਨਾ ਨਹੀਂ ਜਿਵੇਂ ਕਿ ਇਹ ਚਾਹਿਆ ਗਿਆ ਸੀ।

☐ ਪ੍ਰਸ਼ਨ ਜਿਹੜੇ ਕਿ *ਹਾਂ* ਜਾਂ *ਨਹੀਂ* ਵਿੱਚ ਉੱਤਰ ਦਿੱਤੇ ਜਾ ਸਕਦੇ ਹਨ ਜਿਆਦਾ ਸਹਾਇਕ ਨਹੀਂ ਹਨ। ਅਜਿਹੇ ਪ੍ਰਸ਼ਨ ਤਿਆਰ ਕਰੋ ਜਿਹੜੇ ਕਿ ਵਿਚਾਰਸ਼ੀਲ ਜਵਾਬਾਂ ਨੂੰ ਉਤਸਾਹਿਤ ਕਰਨਗੇ। ਵਿਅਕਤੀਗਤ ਕਹਾਣੀਆਂ ਨੂੰ ਪੁੱਛੋ। ਅਨੁਭਵ-ਅਧਾਰਿਤ ਪ੍ਰਸ਼ਨ ਪੁੱਛੋ: ਨਾ ਕਿ "ਜੇਕਰ. . .ਤਾਂ ਤੁਸੀਂ ਕੀ ਕਰੋਗੇ" ਪਰ "ਜਦੋਂ. . .ਤਾਂ ਤੁਸੀਂ ਕੀ ਕੀਤਾ ਸੀ।"

☐ ਹਰੇਕ ਚੰਗੇ ਇੰਟਰਵਿਊ ਵਿੱਚ, ਇੱਥੇ ਦੋ ਸੁਣਨ ਦੀਆਂ ਪ੍ਰੀਕ੍ਰਿਆਵਾਂ ਹਨ ਜਿਹੜੀਆਂ ਕਿ ਇੱਕੋ ਹੀ ਸਮੇਂ ਚੱਲ ਰਹੀਆਂ ਹੁੰਦੀਆਂ ਹਨ। ਪਹਿਲੇ ਪੱਧਰ ਤੇ, ਬੋਰਡ ਸਿੱਧੇ ਉੱਤਰਾਂ ਨੂੰ ਧਿਆਨ ਪੂਰਵਕ ਸੁਣ ਰਿਹਾ ਹੈ ਜੋ ਕਿ ਪੁੱਛੇ ਗਏ ਪ੍ਰਸ਼ਨਾਂ ਲਈ ਦਿੱਤੇ ਜਾਂਦੇ ਹਨ। ਇੱਕ ਹੋਰ ਪੱਧਰ ਤੇ, ਬੋਰਡ ਮੈਂਬਰਾਂ ਨੂੰ ਅਪਰਤੱਖ ਪਰ ਪ੍ਰਗਟ ਅੰਤਰਦ੍ਰਿਸ਼ਟੀਆਂ ਨੂੰ ਵੀ ਸੁਣਦੇ ਹੋਣਾ ਚਾਹੀਦਾ ਹੈ ਜੋਕਿ ਪ੍ਰੀਕ੍ਰਿਆ ਉਮੀਦਵਾਰ ਦੇ ਚਰਿੱਤਰ ਅਤੇ ਯੋਗਤਾ ਨੂੰ ਪ੍ਰੇਰਿਤ ਕਰਦੀ ਹੈ। ਇਹ ਦੂਜਾ ਸੁਣਨ ਦੀ ਕਿਸਮ ਜਿਆਦਾ ਵਿਸ਼ੇਸ਼ ਅਤੇ ਮਹੱਤਵਪੂਰਨ ਸੂਚਨਾਂ ਨੂੰ ਪੈਦਾ ਕਰਦੀ ਹੈ।

**ਇੰਟਰਵਿਯੂ ਨਿਸ਼ਾਨਾ ਨੰਬਰ 1:**

**ਵਿਅਕਤੀਗਤ ਵਿਸ਼ਵਾਸ**

***ਇਹ ਸਿਆਣਨਾ ਕਿ ਕੀ ਪਰਮੇਸ਼ੁਰ ਨਾਲ ਉਮੀਦਵਾਰ ਦਾ ਸੰਬੰਧ ਸੇਵਕਾਈ ਬੁਲਾਹਟ ਦੇ ਵਿੱਚ ਅਨੁਕੂਲ ਹੈ ਜਾਂ ਨਹੀਂ।***

**ਇੰਟਰਵਿਯੂ ਪ੍ਰਸ਼ਨ**

ਪਰਮੇਸ਼ੁਰ ਕਿਸ ਵਰਗਾ ਹੈ?

ਮਸੀਹ ਦੇ ਨਾਲ ਤੁਹਾਡੀ ਯਾਤਰਾ ਦੀਆਂ ਕੁਝ ਪਰਮੁੱਖਤਾਵਾਂ ਦਾ ਵਰਣਨ ਕਰੋ। ਕਿਹੜੇ ਕੁਝ ਸੰਘਰਸ਼ ਰਹੇ ਸਨ?

ਕੀ ਤੁਹਾਡੇ ਜੀਵਨ ਇੱਕ ਕੋਈ ਪਲ ਸੀ ਜਿਸ ਨੂੰ ਤੁਸੀਂ ਇੱਕ ਗੱਲਬਾਤ ਵਜੋਂ ਵਰਣਨ ਕਰਨਾ ਚਾਹੁੰਦੇ ਹੋ? ਇਸ ਦਾ ਵਰਣਨ ਕਰੋ।

ਕੀ ਇੱਥੇ ਤੁਹਾਡੇ ਜੀਵਨ ਵਿੱਚ ਇੱਕ ਪਲ ਹੈ ਜਿਸ ਦਾ ਤੁਸੀਂ "ਸੰਪੂਰਣ ਸਮਰਪਣ" ਵਜੋਂ ਵਰਣਨ ਕਰੋਗੇ? ਇਸ ਦਾ ਵਰਣਨ ਕਰੋ।

ਪਰਮੇਸ਼ੁਰ ਦੇ ਨਾਲ ਤੁਹਾਡੇ ਸੰਬੰਧ ਦੇ ਪਾਲਨ-ਪੋਸ਼ਣ ਲਈ ਤੁਸੀਂ ਕੀ ਕਰਦੇ ਹੋ?

ਤੁਸੀਂ ਕਦੋਂ ਅਤੇ ਕਿਵੇਂ ਜਾਣਿਆ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਇੱਕ ਸੇਵਕ ਬਣੋ? ਇੱਕ ਵਿਅਕਤੀ ਦਾ ਨਮੂਨਾ ਦਿਓ ਜਿਹੜਾ ਕਿ ਤੁਹਾਡੇ ਲਈ ਇੱਕ ਵਿਸ਼ਵਾਸ ਦਾ ਨਮੂਨਾ ਰਿਹਾ ਸੀ ਅਤੇ ਵਿਆਖਿਆ ਕਰੋ ਕਿ ਉਸ ਵਿਅਕਤੀ ਨੇ ਕਿਵੇਂ ਤੁਹਾਨੂੰ ਪ੍ਰਭਾਵਿਤ ਕੀਤਾ ਸੀ।

ਕੌਣ ਤੁਹਾਡਾ ਪਸੰਦੀਦਾ ਬਾਈਬਲ ਚਰਿੱਤਰ ਹੈ, ਅਤੇ ਕਿਉਂ?

ਕੀ ਤੁਹਾਡੀ ਸੇਵਕਾਈ ਵਿੱਚ ਵਿਸ਼ਵਾਸ ਨੂੰ ਆਕਾਰ ਦੇਣ ਵਾਲੀ ਘਟਨਾ ਰਹੀ ਸੀ? ਪਰਮੇਸ਼ੁਰ ਦੇ ਨਾਲ ਤੁਹਾਡਾ ਸੰਬੰਧ ਤੁਹਾਡੀ ਸੇਵਕਾਈ ਦੁਆਰਾ ਕਿਵੇਂ ਪ੍ਰਭਾਵਿਤ ਰਿਹਾ ਸੀ?

ਤੁਹਾਡੀ ਸੇਵਕਾਈ ਦੁਆਰਾ ਪਰਮੇਸ਼ੁਰ ਦੇ ਨਾਲ ਤੁਹਾਡੇ ਸੰਬੰਧ ਦਾ ਪਾਲਨ-ਪੋਸ਼ਣ ਕਰਨ ਲਈ ਤੁਹਾਡੇ ਕੀ ਇਰਾਦੇ ਹਨ?

**ਮੁਲਾਂਕਣ ਪ੍ਰਸ਼ਨ**

ਕੀ ਉਮੀਦਵਾਰ ਦਾ ਪਰਮੇਸ਼ੁਰ ਦੇ ਨਾਲ ਇੱਕ ਜੀਉਂਦਾ ਅਤੇ ਵੱਧਦਾ ਹੋਇਆ ਸੰਬੰਧ ਹੈ?

ਕੀ ਉਹ ਇੱਕ ਅਜਿਹੇ ਢੰਗ ਵਿੱਚ ਸੰਬੰਧ ਬਾਰੇ ਗੱਲ ਕਰ ਸਕਦਾ/ਸਕਦੀ ਹੈ ਜੋ ਕਿ ਦੂਜਿਆਂ ਲਈ ਸਹਾਇਕ ਹੈ?

ਕੀ ਉਮੀਦਵਾਰ ਉਸ ਦੇ ਲਈ ਪਰਮੇਸ਼ੁਰ ਦੀ ਕਿਰਪਾ ਨੂੰ ਜਾਣਦਾ ਅਤੇ ਸਵੀਕਾਰ ਕਰਦਾ/ਕਰਦੀ ਹੈ? ਦੂਜਿਆਂ ਲਈ?

ਕੀ ਉਮੀਦਵਾਰ ਕੋਲ ਸੇਵਕਾਈ ਲਈ ਬੁਲਾਹਟ ਦੀ ਇੱਕ ਕਾਫੀ ਸਮਝ ਹੈ?

**ਇੰਟਰਵਿਯੂ ਨਿਸ਼ਾਨਾ ਨੰਬਰ 2:**

**ਸਿਧਾਂਤ/ਅਧਿਆਤਮਕ ਗਿਆਨ**

***ਇਹ ਸਿਆਣਨ ਲਈ ਕਿ ਕੀ ਉਮੀਦਵਾਰ ਚਰਚ ਆਫ ਨਾਜ਼ਰੀਨ ਦੀਆਂ ਸਿੱਖਿਆਵਾਂ ਦੇ ਅਨੁਕੂਲ ਮਸੀਹੀ ਸਿਧਾਂਤ ਦੀ ਇੱਕ ਯੋਗ ਸਮਝ ਨੂੰ ਪ੍ਰਗਟ ਕਰ ਸਕਦਾ ਹੈ ਜਾਂ ਨਹੀਂ।***

**ਇੰਟਰਵਿਯੂ ਪ੍ਰਸ਼ਨ**

ਜਦੋਂ ਕੋਈ ਇੱਕ ਗੈਰ-ਕਲੀਸਿਯਾ ਪਿਛੋਕੜ ਤੋਂ ਤੁਹਾਨੂੰ ਪੁੱਛਦਾ ਹੈ, "ਇੱਕ ਮਸੀਹੀ ਬਣਨ ਦੇ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ?" ਤੁਸੀਂ ਕਿਵੇਂ ਉੱਤਰ ਦਿੰਦੇ ਹੋ?

ਚਰਚ ਆਫ ਨਾਜ਼ਰੀਨ ਦੇ ਮੂਲ ਸਿਧਾਂਤ ਵਰਣਨ ਕਰਦੇ ਹਨ ਕਿ ਕਲੀਸਿਯਾ ਕੀ ਵਿਸ਼ਵਾਸ ਕਰਦੀ ਹੈ। ਪਰ, ਜਿਆਦਾਤਰ ਚਰਚ ਮੈਂਬਰਾਂ ਦੀ ਇਸ ਨਾਲ ਕੁਝ ਭਿੰਨਤਾ ਹੁੰਦੀ ਹੈ। ਕਿਹੜੇ ਮੂਲ ਸਿਧਾਂਤਾ ਨਾਲ ਜੋ ਨਿਯਮਾਵਲੀ ਕਰਦੀ ਨਾਲੋਂ, ਤੁਸੀਂ ਬਹਿਸ ਕਰਨਾ, ਚੁਨੌਤੀ ਦੇਣਾ ਜਾਂ ਭਿੰਨ ਤਰ੍ਹਾਂ ਨਾਲ ਵਰਣਨ ਕਰਨਾ ਚਾਹੁੰਦੇ ਹੋ

ਕਿਹੜੇ ਅਧਿਆਤਮਕ ਵਿਸ਼ਿਆਂ ਦੇ ਉੱਤੇ ਤੁਸੀਂ ਜੋ ਭੂਤਕਾਲ ਵਿੱਚ ਤੁਸੀਂ ਵਿਸ਼ਵਾਸ ਕੀਤਾ ਸੀ ਤੇ ਤੁਹਾਡੇ ਮਨ ਨੂੰ ਬਦਲਿਆ ਹੈ?

ਕਿਹੜੇ ਭਜਨ ਜਾਂ ਮਸੀਹੀ ਗੀਤ ਤੁਹਾਡੇ ਵਿਸ਼ਵਾਸ ਦੇ ਕੇਂਦਰੀ ਸਮਰਥਣ ਨੂੰ ਪ੍ਰੇਰਿਤ ਕਰਦੇ ਹਨ? ਕਿਹੜੀਆਂ ਅਨਿਸ਼ਚਿਤਾਵਾਂ ਇੱਥੇ ਤੁਹਾਡੀ ਆਪਣੀ ਅਧਿਆਤਮਕ ਸਮਝ ਵਿੱਚ ਹਨ? ਕਿਹੜੇ ਲੇਖਕਾਂ ਅਤੇ ਸਿੱਖਿਅਕਾਂ ਨੇ ਅਧਿਆਤਮਕ ਗਿਆਨ ਦੀ ਤੁਹਾਡੀ ਸਮਝ ਨੂੰ ਆਕਾਰ ਦਿੱਤਾ ਹੈ?

ਤੁਹਾਡੇ ਜੀਵਨ ਵਿੱਚ ਕਿਹੜੇ ਅਨੁਭਵਾਂ ਨੇ ਤੁਹਾਡੇ ਅਧਿਆਤਮਕ ਗਿਆਨ ਨੂੰ ਆਕਾਰ ਦਿੱਤਾ ਹੈ?

ਸੇਵਕਾਈ ਵਿੱਚ ਤੁਹਾਡੇ ਅਨੁਭਵ ਨੇ ਕਿਵੇਂ ਤੁਹਾਡੇ ਅਧਿਆਤਮਕ ਗਿਆਨ ਨੂੰ ਪ੍ਰਭਾਵਿਤ ਕੀਤਾ ਹੈ?

ਅਧਿਆਤਮਕ ਗਿਆਨ ਦੇ ਕਿਹੜੇ ਕਲਾਤਮਕ ਪ੍ਰਗਟਾਵ (ਸੰਗੀਤ, ਸਾਹਿੱਤ, ਨਾਟਕ, ਦ੍ਰਿਸ਼ਟੀਸੰਬਧੀ ਕਲਾਵਾਂ, ਆਦਿ।) ਤੁਹਾਨੂੰ ਛੋਹੰਦੇ ਹਨ?

ਕੀ ਤੁਹਾਡੀ ਕਲੀਸਿਯਾ ਵਿੱਚ ਕੁਝ ਲੋਕ ਚਰਚ ਆਫ ਨਾਜ਼ਰੀਨ ਦੇ ਵਿਚਾਰਾਂ ਨਾਲ ਅਸਹਿਮਤ ਹੁੰਦੇ ਹਨ? ਇਨ੍ਹਾਂ ਵਿਸ਼ਿਆਂ ਤੇ ਤੁਸੀਂ ਆਪਣੇ ਆਪ ਨੂੰ ਕਿੱਥੇ ਪਾਉਂਦੇ ਹਨ?

ਬਾਈਬਲ ਦੇ ਕਿਹੜੇ ਹਿੱਸੇ ਅਤੇ ਕਿਹੜੇ ਸਿਧਾਂਤਕ ਵਿਸ਼ਿਆਂ ਨੇ ਤੁਹਾਡੇ ਪਰਚਾਰ ਵਿੱਚ ਪਹਿਲਾਂ ਤੋਂ ਹੀ ਹਾਵੀ ਹਨ?

ਮਸੀਹੀ ਸਿਧਾਂਤਾ ਵਿੱਚ ਤੁਹਾਡੀ ਸਮਝ ਵਿੱਚ ਵਧਦੇ ਰਹਿਣ ਲਈ ਤੁਸੀਂ ਕਿਵੇਂ ਇਰਾਦਾ ਰੱਖਦੇ ਹੋ?

**ਮੁਲਾਂਕਣ ਪ੍ਰਸ਼ਨ**

ਇੱਥੇ ਕੀ ਸਬੂਤ ਹਨ ਕਿ ਉਮੀਦਵਾਰ ਵਿਸ਼ਵ-ਵਿਆਪੀ ਮਸੀਹੀ ਅਤੇ ਵਿੱਲਖਣ ਨਾਜ਼ਰੀਨ ਅਧਿਆਤਮਕ ਦ੍ਰਿੜ ਨਿਸ਼ਚੈ ਦੋਹਾਂ ਨੂੰ ਰੱਖਦਾ ਹੈ?

ਕੀ ਉਮੀਦਵਾਰ ਮੂਲ ਸਿਧਾਂਤਾ ਨੂੰ ਸਮਝਦਾ ਹੈ ਅਤੇ ਕੀ ਉਹ ਇਸ ਦੀ ਹਰੇਕ ਲਾਈਨ ਅਤੇ ਸ਼ਬਦਾਂ ਨਾਲ ਸਹਿਮਤ ਨਾ ਹੁੰਦਾ ਵੀ ਇਸ ਦੀ ਅਖੰਡਤਾ ਨਾਲ ਪੁਸ਼ਟੀ ਕਰਦਾ/ਕਰਦੀ ਹੈ?

ਕੀ ਉਹ ਅਧਿਆਮਕ ਗਿਆਨ ਬਾਰੇ ਬੁੱਧੀਮਾਨੀ ਨਾਲ ਗੱਲ ਕਰਦਾ/ਕਰਦੀ ਅਤੇ ਇਸ ਦਾ ਵਿਸ਼ਵਾਸੀਆਂ ਅਤੇ ਅਵਿਸ਼ਵਾਸੀਆਂ ਦੋਹਾਂ ਲਈ ਉੱਚਤ ਪ੍ਰਗਟ ਕਰਨ ਲਈ ਕਾਫੀ ਹੈ ਜਾਂ ਨਹੀਂ?

ਕੀ ਇੱਥੇ ਸਬੂਤ ਹਨ ਕਿ ਇਸ ਵਿਅਕਤੀ ਦੀ ਅਧਿਆਤਮਕ ਸਮਝ ਅਤੇ ਦ੍ਰਿੜ ਨਿਸ਼ਚੈ, ਭਾਵੇਂ ਕਿ ਕੱਟੜ ਹੋਣ ਦੇ ਨਾਲ-ਨਾਲ, ਜੀਉਂਦੇ, ਕਿਰਿਆਸ਼ੀਲ, ਅਤੇ ਸਰਗਰਮ ਹਨ?

ਕੀ ਇੱਥੇ ਦੂਜਿਆਂ ਦੇ ਨਾਲ ਜਿਹੜੇ ਕਿ ਭਿੰਨ-ਭਿੰਨ ਵਿਚਾਰਾਂ ਨੂੰ ਰੱਖਦੇ ਹਨ ਨਾਲ ਅਤੇ ਲਈ ਸੇਵਕਾਈ ਕਰਨ ਦੇ ਯੋਗ ਹੋਣ ਲਈ ਉਮੀਦਵਾਰ ਦੀ ਅਧਿਆਤਮਕ ਗਿਆਨ ਵਿੱਚ "ਦੇਣ" ਲਈ ਕਾਫੀ ਹੈ?

**ਇੰਟਰਵਿਯੂ ਨਿਸ਼ਾਨਾ ਨੰਬਰ 3:**

**ਪਾਸਟਰ ਕਿਰਿਆਵਾਂ ਅਤੇ ਟਿੱਚੇ**

***ਇਹ ਸਿਆਣਨ ਦੇ ਲਈ ਕਿੰਨੀ ਚੰਗੀ ਤਰ੍ਹਾਂ ਉਮੀਦਵਾਰ ਇੱਕ ਪਾਸਟਰ ਦੀ ਸੇਵਕਾਈ ਤੋਂ ਉਮੀਦ ਕੀਤੇ ਜਟਿਲ ਟਿੱਚਿਆਂ ਅਤੇ ਕਿਰਿਆਵਾਂ ਦੇ ਇੱਕ ਸਮੂਹ ਨੂੰ ਸਮਝਦਾ ਅਤੇ ਪ੍ਰਦਰਸ਼ਣ ਕਰਨ ਦੇ ਯੋਗ ਹੁੰਦਾ ਹੈ।***

**ਇੰਟਰਵਿਯੂ ਪ੍ਰਸ਼ਨ**

ਸੇਵਕਾਈ ਦੇ ਕਿਹੜੇ ਟਿੱਚੇ ਤੁਹਾਨੂੰ ਉਤਸਾਹਿਤ ਕਰਦੇ ਹਨ? ਕਿਹੜੇ ਤੁਹਾਨੂੰ ਡਰਾਉਂਦੇ ਹਨ?

ਕਿਹੜੇ ਖਾਸ ਦਾਨ ਹਨ ਜਿਹੜੇ ਤੁਸੀਂ ਸੇਵਕਾਈ ਦੇ ਵਿੱਚ ਲਿਆਉਂਦੇ ਹੋ?

ਉਨ੍ਹਾਂ ਨੂੰ ਵਧਾਉਣ ਦੀ ਤੁਹਾਡੀ ਯੋਜਨਾ ਕੀ ਹੈ?

ਸੇਵਕਾਈ ਦੇ ਕਿਹੜੇ ਪਹਿਲੂ ਤੁਹਾਡੇ ਲਈ ਸਭ ਤੋਂ ਵੱਡੀਆਂ ਚੁਨੌਤੀਆਂ ਹਨ? ਇਨ੍ਹਾਂ ਟਿੱਚਿਆਂ ਲਈ ਤੁਹਾਡੀ ਯੋਗਤਾ ਨੂੰ ਬਲ ਦੇਣ ਲਈ ਤੁਹਾਡੀ ਕੀ ਯੋਜਨਾ ਹੈ?

ਕਿਸੇ ਦਾ ਨਾਮ ਦੱਸੋ ਜਿਸ ਨੂੰ ਤੁਸੀਂ ਚੰਗੀ ਸੇਵਕਾਈ ਦੇ ਇੱਕ ਨਮੂਨੇ ਵਜੋਂ ਮੰਨ੍ਹਦੇ ਹੋ। ਇਸ ਵਿਅਕਤੀ ਦੇ ਕੰਮ ਕਰਨ ਦੇ ਢੰਗ ਬਾਰੇ ਤੁਸੀਂ ਕੀ ਬਰਾਬਰੀ ਕਰਨਾ ਚਾਹੁੰਦੇ ਹੋ?

ਸੇਵਕਾਈ ਦੇ ਲਈ ਬੇਅੰਤ ਲੋੜਾਂ ਅਤੇ ਮੌਕਿਆਂ ਦੇ ਵਿੱਚਕਾਰ, ਤੁਹਾਡੀਆਂ ਵਿਅਕਤੀਗਤ ਲੋੜਾਂ ਨੂੰ ਪੂਰਾ ਕਰਨ ਲਈ (ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਆਤਮਿਕ) ਅਤੇ ਤੁਹਾਡੇ ਪਰਿਵਾਰਿਕ ਸਮਰਪਣਾਂ ਨੂੰ ਪੂਰਾ ਕਰਨ ਲਈ ਤੁਹਾਡੀਆਂ ਕੀ ਯੋਜਨਾਵਾਂ ਹਨ।

ਇੱਕ ਪਾਸਟਰ ਹੋਣ ਵਜੋਂ ਜੋ ਤੁਹਾਨੂੰ ਕਰਨ ਲਈ ਆਖਿਆ ਗਿਆ ਉਸ ਲਈ ਤੁਹਾਡੇ ਅਨੁਭਵ ਵਿੱਚ ਕਿਹੜੀ ਗੱਲ ਨੇ ਤੁਹਾਨੂੰ ਹੈਰਾਨ ਕੀਤਾ ਸੀ? ਕੀ ਤੁਹਾਨੂੰ ਜੋ ਨਹੀਂ ਆਖਣ ਲਈ ਕਿਹਾ ਗਿਆ ਜਾਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਲਈ ਕੋਈ ਨਿਰਾਸ਼ਾ ਹੋਈ ਸੀ?

ਜਿਸ ਢੰਗ ਨਾਲ ਤੁਸੀਂ ਸੇਵਕਾਈ ਕਰਦੇ ਬਾਰੇ ਤੁਹਾਡੀ ਕਲੀਸਿਯਾ ਨੇ ਤੁਹਾਨੂੰ ਕੀ ਆਖਿਆ ਸੀ? ਤੁਹਾਡੇ ਸਾਥੀਆਂ ਨੇ ਕੀ ਆਖਿਆ ਸੀ? ਤੁਹਾਡਾ ਪਰਿਵਾਰ ਕੀ ਆਖਦਾ ਹੈ? ਕੀ ਤੁਸੀਂ ਉਨ੍ਹਾਂ ਨਾਲ ਸਹਿਮਤ ਹੁੰਦੇ ਹੋ?

ਵਰਣਨ ਕਰੋ ਕਿ ਕਿਵੇਂ ਤੁਸੀਂ ਤੁਹਾਡੇ ਸਮੇਂ ਤੇ ਤੁਹਾਡੇ ਪਰਿਵਾਰ, ਵਿਅਕਤੀਗਤ ਅਤੇ ਕਲੀਸਿਯਾ ਮੰਗਾਂ ਨੂੰ ਪੂਰਾ ਕਰਦੇ ਹੋ। ਤੁਹਾਡੇ ਅਨੁਭਵ ਦੇ ਚਾਨਣ ਵਿੱਚ, ਤੁਸੀਂ ਕੀ ਭਿੰਨਤਾ ਨਾਲ ਕਰਨਾ ਚਾਹੁੰਦੇ ਹੋ?

ਤੁਹਾਡੀ ਸੇਵਕਾਈ ਵਿੱਚ ਇੱਕ ਅਜਿਹੀ ਸਥਿਤੀ ਦਾ ਵਰਣਨ ਕਰੋ ਜਿਸ ਨੂੰ ਤੁਸੀਂ ਇੱਕ ਸੰਘਰਸ਼ ਆਖੋਗੇ। ਤੁਸੀਂ ਇਸ ਨਾਲ ਕਿਵੇਂ ਹੱਲ ਕੀਤਾ ਸੀ? ਕੀ ਤੁਸੀਂ ਤੁਹਾਡੇ ਸੰਘਰਸ਼ ਪ੍ਰਬੰਧ ਦੀ ਸ਼ੈਲੀ ਨੂੰ ਬਦਲਣਾ ਚਾਹੁੰਦੇ ਹੋ? ਤੁਸੀਂ ਓਹ ਕਿਵੇਂ ਕਰੋਗੇ?

ਕੀ ਇੱਥੇ ਕੁਝ ਵਿਅਕਤੀਗਤ ਜਾਂ ਪਰਿਵਾਰਿਕ ਆਰਥਿਕ ਵਿਸ਼ੇ ਹਨ ਜਿਹੜੇ ਕਿ ਇੱਕ ਪਾਸਟਰ ਹੋਣ ਤੋਂ ਉੱਠਦੇ ਹਨ? ਤੁਸੀਂ ਇਨ੍ਹਾਂ ਨਾਲ ਕਿਵੇਂ ਹੱਲ ਕਰਦੇ ਹੋ?

**ਮੁਲਾਂਕਣ ਪ੍ਰਸ਼ਨ**

ਕੀ ਉਮੀਦਵਾਰ ਸੇਵਕਾਈ ਦੇ ਵਿੱਚ ਜਿਨ੍ਹਾਂ ਕਿਰਿਆਵਾਂ ਨੂੰ ਉਹ ਕਰਨ ਦੇ ਲਈ ਬੁਲਾਇਆ ਗਿਆ/ਬੁਲਾਈ ਜਾ ਰਹੀ ਹੈ ਇੱਕ ਪਰਸੰਨਚਿੱਤ ਦਿਲਚਸਪੀ ਦਾ ਪ੍ਰਦਰਸ਼ਣ ਕਰਦਾ ਹੈ?

ਕੀ ਖਾਸ ਜ਼ਿੰਮੇਵਾਰੀ ਦੇ ਖੇਤਰ ਰੱਦ ਕੀਤੇ ਜਾ ਰਹੇ ਹਨ?

ਕੀ ਉਮੀਦਵਾਰ ਪ੍ਰਬੰਧ, ਸਾਰਵਜਨਿਕ ਸੇਵਕਾਈ ਅਤੇ ਪਾਸਟਰ ਦੇਖਰੇਖ ਦੇ ਕੁੰਜ਼ੀ ਖੇਤਰਾਂ ਵਿੱਚ ਕਿਰਿਆ ਕਰਨ ਦੀ ਇੱਕ ਯੋਗਤਾ ਦਾ ਪ੍ਰਦਰਸ਼ਣ ਕਰਦਾ ਹੈ?

ਕੀ ਉਮੀਦਵਾਰ ਸੇਵਕਾਈ ਦੇ ਵਿੱਚ ਉਸ ਦੇ ਕੰਮ ਕਰਨ ਦੀਆਂ ਤਾਕਤਾਂ ਅਤੇ ਕਮਜ਼ੋਰੀਆਂ ਦੇ ਬਾਰੇ ਜਾਣੂ ਹੈ? ਕੀ ਉਹ ਵਿਕਸਿਤ ਹੋਣ ਜਾਂ ਕਮੀਆਂ ਦੀ ਪੂਰਤੀ ਲਈ ਅਤੇ ਤਾਕਤ ਦੇ ਖੇਤਰਾਂ ਨੂੰ ਵੀ ਵਿਕਸਤਿ ਕਰਨ ਅਤੇ ਖਾਸ ਦਾਨਾਂ ਨੂੰ ਵਧਾਉਣ ਦੇ ਲਈ ਉਚਿਤ ਕਦਮ ਲੈ ਰਿਹਾ/ਰਹੀ ਹੈ?

ਕੀ ਇਹ ਵਿਅਕਤੀ ਆਤਮ ਦੇਖਰੇਖ, ਪਰਿਵਾਰਿਕ ਸਮਰਪਣ ਅਤੇ ਸੇਵਕਾਈ ਦੇ ਕੰਮ ਵਿੱਚਕਾਰ ਇੱਕ ਉਚਿਤ ਸੰਤੁਲਨ ਨੂੰ ਬਣਾਈ ਰੱਖ ਸਕਦਾ ਹੈ?

**ਇੰਟਰਵਿਯੂ ਨਿਸ਼ਾਨਾ ਨੰਬਰ 4:**

**ਚਰਿੱਤਰ**

***ਇਹ ਸਿਆਣਨ ਲਈ ਕਿ ਕੀ ਉਮੀਦਵਾਰ ਦਾ ਚਰਿੱਤਰ ਪਾਸਟਰ ਦੀ ਸੇਵਕਾਈ ਦੇ ਲਈ ਢੁਕਵਾਂ ਹੈ ਜਾਂ ਨਹੀਂ।***

**ਇੰਟਰਵਿਯੂ ਪ੍ਰਸ਼ਨ**

ਤੁਹਾਡੇ ਪਰਿਵਾਰ ਦੇ ਅਰੰਭ ਬਾਰੇ ਅਤੇ ਪਰਿਵਾਰ ਦੇ ਵਿੱਚ ਤੁਹਾਡੇ ਸਥਾਨ ਦੇ ਬਾਰੇ ਸਾਨੂੰ ਦੱਸੋ। ਤੁਹਾਡੇ ਵੱਡੇ ਹੋਣ ਦੇ ਸਾਲਾਂ ਦੀਆਂ ਤੁਹਾਡੀਆਂ ਅਰੰਭਿਕ ਯਾਦਾਂ ਕੀ ਹਨ? ਤੁਹਾਡੇ ਪਰਿਵਾਰ ਬਾਰੇ ਤੁਸੀਂ ਕੀ ਪ੍ਰਸ਼ੰਸਾ ਕਰਦੇ ਹੋ? ਕੀ ਤੁਸੀਂ ਚਾਹੁੰਦੇ ਕਿ ਭਿੰਨ ਰਿਹਾ ਹੁੰਦਾ? ਉਨ੍ਹਾਂ ਗੱਲਾਂ ਨਾਲ ਮੇਲ ਵਿੱਚ ਜਿਹੜੀਆਂ ਕਿ ਤੁਸੀਂ ਚਾਹੁੰਦੇ ਸੀ ਕਿ ਭਿੰਨ ਹੋਈਆਂ ਹੁੰਦੀਆਂ ਤੁਸੀਂ ਕਿਹੜੇ ਕਦਮ ਚੁੱਕੇ ਸਨ?

ਦੂਜੇ ਲੋਕ ਤੁਹਾਨੂੰ ਕਿਵੇਂ ਵੇਖਦੇ ਹਨ? ਕੀ ਉਹ ਉਨ੍ਹਾਂ ਦੀਆਂ ਧਾਰਣਾਵਾਂ ਵਿੱਚ ਸਹੀ ਹਨ? ਪਿਛਲੇ ਪੰਜ ਸਾਲਾਂ ਦੇ ਵਿੱਚ ਤੁਹਾਡੇ ਵਿਅਕਤੀਗਤ ਵਾਧੇ ਨੂੰ ਕਿਹੜੇ ਅਨੁਭਵਾਂ ਨੇ ਪ੍ਰਭਾਵਿਤ ਕੀਤਾ ਸੀ।

ਕਿੱਥੇ ਜਾਂ ਕਿਸ ਵੱਲ ਤੁਸੀਂ ਤੁਹਾਡੇ ਸਮਰਥਣ ਅਤੇ ਉਤਸਾਹ ਲਈ ਵੇਖਦੇ ਹੋ? ਉਹ ਸਮਰਥਣ ਕਿਵੇਂ ਪ੍ਰਗਟ ਕੀਤਾ ਜਾਂਦਾ ਹੈ?

ਤੁਸੀਂ ਅਸਫ਼ਲਤਾ ਜਾਂ ਉਹ ਸਮੇਂ ਜਦੋਂ ਗੱਲਾਂ ਚੰਗੀ ਤਰ੍ਹਾਂ ਨਹੀਂ ਹੁੰਦੀਆਂ ਹਨ ਨਾਲ ਤੁਸੀਂ ਕਿਵੇਂ ਹੱਲ ਕਰਦੇ ਹੋ?

ਕੀ ਇੱਥੇ ਤੁਹਾਡੇ ਭੂਤਕਾਲ ਦੇ ਵਿੱਚ ਕੁਝ ਹੈ ਜੋ, ਜੇਕਰ ਉਹ ਚਾਨਣ ਵਿੱਚ ਆਵੇ, ਤਾਂ ਤੁਹਾਡੀ ਸੇਵਕਾਈ ਲਈ ਨਿਰਨਾਇਕ ਹੋਵੇਗਾ? ਤੁਸੀਂ ਉਨ੍ਹਾਂ ਘਟਨਾਵਾਂ ਨਾਲ ਕਿਵੇਂ ਹੱਲ ਕੀਤਾ ਹੈ? ਕਿਹੜੇ ਰਵੱਈਏ ਜਾਂ ਕਿਰਿਆਵਾਂ ਇੱਕ ਵਿਅਕਤੀ ਨੂੰ ਸੇਵਕਾਈ ਤੋਂ ਅਯੋਗ ਕਰਨਗੇ? ਉਨ੍ਹਾਂ ਵਿੱਚ ਡਿੱਗਣ ਤੋਂ ਬਚਣ ਲਈ ਤੁਸੀਂ ਆਪਣੇ ਆਪ ਲਈ ਕਿਹੜੇ ਕਦਮ ਚੁੱਕੋਗੇ?

ਸੇਵਕਾਈ ਦੇ ਅਨੁਭਵ ਦੌਰਾਨ ਤੁਸੀਂ ਆਪਣੇ ਆਪ ਬਾਰੇ ਕੀ ਸਿੱਖ ਰਹੇ ਸੀ? ਤੁਸੀਂ ਇਨ੍ਹਾਂ ਨੂੰ ਕਿਵੇਂ ਸਿੱਖਿਆ ਹੈ?

ਸੇਵਕਾਈ ਦੇ ਕਿਹੜੇ ਪਹਿਲੂਆਂ ਨੂੰ ਤੁਸੀਂ ਸਭ ਤੋਂ ਜਿਆਦਾ ਭਰਪੂਰ ਪਾਇਆ ਹੈ? ਸੇਵਕਾਈ ਵਿੱਚ ਕੀ ਤੁਹਾਨੂੰ ਊਰਜਾ ਅਤੇ ਅਨੰਦ ਨੂੰ ਦਿੰਦਾ ਹੈ? ਕੀ ਸਭ ਤੋਂ ਜਿਆਦਾ ਨਿਰਾਸ਼ ਕਰਨ ਵਾਲਾ ਰਿਹਾ ਹੈ? ਕਿਹੜੇ ਢੰਗਾਂ ਵਿੱਚ ਇਹ ਤੁਹਾਨੂੰ ਹੈਰਾਨ ਕਰਦਾ ਹੈ?

ਇਸ ਆਉਣ ਵਾਲੇ ਸਾਲਾਂ ਦੇ ਵਿੱਚ ਤੁਹਾਡੇ ਵਿਅਕਤੀਗਤ ਵਾਧੇ ਲਈ ਕਿਹੜੀ ਗੱਲ ਤੇ ਤੁਸੀਂ ਖਾਸ ਧਿਆਨ ਦੇਣਾ ਚਾਹੁੰਦੇ ਹੋ? ਤੁਸੀਂ ਤੁਹਾਡੇ "ਹੋਂਦ" ਅਤੇ "ਕਰਨ" ਨੂੰ ਢੁੱਕਵੇਂ ਸੰਤੁਲਨ ਵਿੱਚ ਰੱਖਣ ਲਈ ਕੀ ਕਰੋਗੇ?

ਕਦੋਂ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਸੇਵਕਾਈ ਵਿੱਚ ਭਾਵਨਾਤਮਕ ਅਤੇ ਸੰਬੰਧ ਵਿੱਚ ਸੱਟ ਖਾਣ ਦੇ ਯੋਗ ਹੋਵੋਗੇ? ਕੀ ਤੁਸੀਂ ਕਦੇ "ਨਿਯੰਤ੍ਰਣ ਤੋਂ ਬਾਹਰ" ਮਹਿਸੂਸ ਕਰਦੇ ਹੋ? ਤੁਸੀਂ ਇਨ੍ਹਾਂ ਸਥਿਤੀਆਂ ਨਾਲ ਕਿਵੇਂ ਹੱਲ ਕਰਦੇ ਹੋ?

**ਮੁਲਾਂਕਣ ਪ੍ਰਸ਼ਨ**

ਕੀ ਉਮੀਦਵਾਰ ਢੁੱਕਵੀਂ ਆਤਮ-ਜਾਣਕਾਰੀ ਰੱਖਦਾ ਹੈ ਅਤੇ ਇਸ ਜਾਣਕਾਰੀ ਦੇ ਵਿੱਚ ਵੱਧ ਰਿਹਾ ਹੈ?

ਕੀ ਉਹ ਖੁੱਦ ਦੇ ਬਾਰੇ ਵਿੱਚ ਅਸਲੀਅਤ ਅਤੇ ਪ੍ਰਮਾਣਿਕਤਾ ਦੀ ਇੱਕ ਸਮਝ ਨੂੰ ਪ੍ਰਗਟ ਕਰਦਾ/ਕਰਦੀ ਹੈ?

ਕੀ ਇੱਕ ਨਾਜ਼ਰੀਨ ਆਗੂ ਹੋਣ ਲਈ ਢੁੱਕਵੇਂ ਮਾਪਦੰਡਾਂ ਦੇ ਕਾਫੀ ਪ੍ਰਮਾਣ ਹਨ?

ਕੀ ਉਮੀਦਵਾਰ ਨੂੰ ਇਹ ਠੀਕ ਜਾਣਕਾਰੀ ਹੈ ਕਿ ਕਿਵੇਂ ਦੂਜੇ ਉਸ ਦੇ ਬਾਰੇ ਧਾਰਣਾ ਰੱਖਦੇ ਅਤੇ ਅਨੁਭਵ ਕਰਦੇ ਹਨ?

ਕੀ ਉਮੀਦਵਾਰ ਵਿਅਕਤੀਗਤ ਸੰਬੰਧਾਂ ਵਿੱਚ ਅਨੁਕੂਲ ਸੀਮਾਵਾਂ ਅਤੇ ਆਤਮ-ਭਿੰਨਤਾਵਾਂ ਨੂੰ ਬਣਾਈ ਰੱਖਦਾ ਅਤੇ ਰੱਖੇਗਾ?

**ਇੰਟਰਵਿਯੂ ਨਿਸ਼ਾਨਾ ਨੰਬਰ 5**

**ਸੇਵਕਾਈ ਦਾ ਪਦ**

***ਇਹ ਸਿਆਣਨਾ ਕਿ ਕੀ ਉਮੀਦਵਾਰ ਕੋਲ ਸੇਵਕਾਈ ਵਿੱਚ ਕਲੀਸਿਯਾ ਦੇ ਪਦ ਦੇ ਦਾਅਵੇ ਦੀ ਅਤੇ ਓਰਡੀਨੇਸ਼ਨ ਦੇ "ਲਬਾਦੇ ਨੂੰ ਅੱਗੇ ਲੈ ਜਾਣ" ਦੇ ਯੋਗ ਹੋਣ ਦੀ ਕਾਫੀ ਸਮਝ ਹੈ ਜਾਂ ਨਹੀਂ।***

**ਇੰਟਰਵਿਯੂ ਪ੍ਰਸ਼ਨ**

ਸੇਵਕਾਈ ਲਈ ਤਿਆਰੀ ਦੇ ਦੋਰਾਨ ਸਭ ਤੋਂ ਜਿਆਦਾ ਵਿਸ਼ੇਸ਼ ਅਧਿਆਪਕ ਜੋ ਤੁਹਾਏ ਲਈ ਸਨ ਬਾਰੇ ਸਾਨੂੰ ਦੱਸੋ। ਉਨ੍ਹਾਂ ਦੀ ਭੂਮਿਕਾ ਵਿੱਚ ਅਤੇ ਤੁਹਾਡੇ ਨਾਲ ਸੰਬੰਧ ਵਿੱਚ ਕੀ ਬਲ ਦੇਣਾ ਵਾਲਾ ਸੀ?

ਇੱਕ ਸੇਵਕ ਕਲੀਸਿਯਾ ਦੇ ਮੈਂਬਰਾਂ ਤੇ ਕੀ ਇਖ਼ਤਿਆਰ ਰੱਖਦਾ ਹੈ? ਇੱਕ ਪਾਸਟਰ ਕਿਸ ਨੂੰ ਜਵਾਬਦੇਹ ਹੁੰਦਾ ਹੈ?

ਜੇਕਰ ਤੁਹਾਨੂੰ ਉਸੇ ਤਰ੍ਹਾਂ ਪੁੱਛਿਆ ਜਾਵੇ ਜਿਵੇਂ ਕਿ ਯਿਸੂ ਨੂੰ ਪੁੱਛਿਆ ਗਿਆ ਸੀ, "ਤੂੰ ਕਿਹੜੇ ਇਖ਼ਤਿਆਰ ਨਾਲ ਇਹ ਸਭ ਕਰਦਾ ਹੈ?" ਤੁਸੀਂ ਕੀ ਉੱਤਰ ਦੇਵੋਗੇ?

ਬਹੁਤ ਸਾਰੇ ਲੋਕ ਸੋਚਦੇ ਹਨ ਇੱਕ ਸੇਵਕ ਪਰਮੇਸ਼ੁਰ ਦੇ ਬਦਲੇ ਵਿੱਚ ਪਰਚਾਰ ਕਰਦਾ ਹੈ ਅਤੇ ਪਰਮੇਸ਼ੁਰ ਦੇ ਪ੍ਰਤੀਨਿਧੀਆਂ ਵਿੱਚੋਂ ਇੱਕ ਵਜੋਂ ਲੋਕਾਂ ਨਾਲ ਸੰਬੰਧਿਤ ਹੁੰਦਾ ਹੈ। ਇਸ ਦਾ ਤੁਹਾਡੇ ਲਈ ਇੱਕ ਸੇਵਕ ਵਜੋਂ ਕੀ ਅਰਥ ਹੈ?

ਤੁਹਾਡੇ ਨਾਲ ਅਤੇ ਤੁਹਾਡੀ ਕਲੀਸਿਯਾ ਦੇ ਨਾਲ ਡਿਸਟਿਕ ਸੂਪਰੀਡੈਂਟ ਦੇ ਸੰਬੰਧ ਵਿੱਚ ਉਨ੍ਹਾਂ ਤੋਂ ਤੁਹਾਡੀਆਂ ਉਮੀਦਾਂ ਦਾ ਵਰਣਨ ਕਰੋ।

ਕਦੋਂ ਤੁਸੀਂ ਕਿਉਂ ਜੋ ਤੁਸੀਂ ਇੱਕ ਸੇਵਕ ਹੋ ਇਸ ਲਈ ਦੂਜਿਆਂ ਤੋਂ ਵੱਖਰਾ ਕੰਮ ਕਰਨ ਜਾਂ ਵਰਤਾਉ ਕੀਤੇ ਜਾਣ ਦੀ ਆਸ ਨਹੀਂ ਕਰੋਗੇ?

ਤੁਹਾਡੀ ਸੇਵਕਾਈ ਨੇ ਤੁਹਾਡੇ ਜੀਵਨ-ਸਾਥੀ ਅਤੇ ਬੱਚਿਆਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ? ਕੀ ਤੁਹਾਡੇ ਪਾਸਟਰ ਬਣਨ ਤੋਂ ਤੁਹਾਡੇ ਮਿੱਤਰਾਂ ਨਾਲ ਤੁਹਾਡਾ ਸੰਬੰਧ ਬਦਲ ਗਿਆ ਹੈ?

ਐਤਵਾਰ ਦੀ ਸਵੇਰ ਨੂੰ ਅਰਾਧਨਾ ਤੋਂ ਬਾਅਦ ਲੋਕਾਂ ਨਾਲ ਤੁਹਾਡੇ ਮਿਸਾਲੀ ਆਪਸੀ ਸੰਪਰਕ ਦਾ ਵਰਣਨ ਕਰੋ।

ਸ਼ਕਤੀ ਦੇ ਬਾਰੇ ਅਤੇ ਸ਼ਕਤੀ ਨੂੰ ਰੱਖਣ ਦੇ ਤੁਹਾਡੇ ਢੰਗਾਂ ਦੇ ਬਾਰੇ ਤੁਸੀਂ ਕੀ ਸਿੱਖ ਰਹੇ ਹੋ?

ਇੱਕ ਅਨੁਭਵ ਦਾ ਵਰਣਨ ਕਰੋ ਜਦੋਂ ਤੁਸੀਂ ਪਾਸਟਰ ਦੀ ਭੂਮਿਕਾ ਰੱਖਦੇ ਹੋਏ ਕੁਝ ਕਰਨ ਲਈ ਬਲ ਪਾਏ ਹੋਏ ਮਹਿਸੂਸ ਕੀਤਾ ਸੀ ਜੋ ਕਿ ਜੇਕਰ ਤੁਸੀਂ ਨਾ ਹੁੰਦੇ ਤਾਂ ਨਹੀਂ ਕੀਤਾ ਹੋਣਾ ਸੀ? ਇੱਕ ਸੇਵਕ ਹੋਣ ਵਜੋਂ ਤੁਹਾਡੀ ਪਛਾਣ ਬਾਰੇ ਕਿਹੜੀ ਗੱਲ ਨੇ ਤੁਹਾਨੂੰ ਸਭ ਤੋਂ ਜਿਆਦਾ ਹੈਰਾਨ ਕੀਤਾ ਸੀ? ਕੀ ਤੁਸੀਂ ਇੱਕ ਪਾਸਟਰ ਹੋਣ ਨਾਲ ਅਰਾਮਦਾਇਕ ਮਹਿਸੂਸ ਕਰਦੇ ਹੋ?

**ਮੁਲਾਂਕਣ ਪ੍ਰਸ਼ਨ**

ਕੀ ਉਮੀਦਵਾਰ ਦੇ ਕੋਲ ਇੱਕ ਕਾਫੀ ਪਰ ਸੇਵਕਾਈ ਦੇ ਪਦ ਲਈ ਅਸੰਤੁਲਨ ਆਦਰ ਨਹੀਂ ਹੈ?

ਕੀ ਸ਼ਕਤੀ ਅਤੇ ਇਖ਼ਤਿਆਰ ਦਾ ਜੋ ਕਿ ਸੇਵਕਾਈ ਦੇ ਪਦ ਨਾਲ ਆਉਂਦਾ ਹੈ ਦਾ ਗ਼ਲਤ ਪ੍ਰਯੋਗ ਕਰਨ ਦੀ ਸੰਭਾਵਾਨਾ ਦੀ ਇੱਥੇ ਕਾਫੀ ਪਛਾਣ ਹੈ?

ਕੀ ਉਮੀਦਵਾਰ ਪਛਾਣਦਾ ਹੈ ਕਿ ਸੇਵਕਾਈ ਦਾ ਪਦ ਇੱਕ ਵਿਅਕਤੀ ਦੇ ਰਵੱਈਏ ਅਤੇ ਕਿਰਿਆ ਦੋਹਾਂ ਦੁਆਰਾ ਦਿੱਤਾ ਅਤੇ ਪ੍ਰਾਪਤ ਕੀਤਾ ਜਾਂਦਾ ਹੈ?

ਓਰਡੀਨੇਸ਼ਨ ਦੇ ਅਰਥ ਅਤੇ ਕਲੀਸਿਯਾ ਵਿੱਚ ਇੱਕ ਪ੍ਰਤੀਨਿਧ ਦੀ ਭੂਮਿਕਾ ਲਈ ਇਸ ਦੇ ਸੰਬੰਧ ਦੇ ਅਰਥ ਬਾਰੇ ਕਿਸ ਪੱਧਰ ਤੀਕ ਮਾਨਸਕ ਸਮਰੱਥਾ ਪ੍ਰਾਪਤ ਹੋਈ ਹੈ?

ਕੀ ਉਹ ਇੱਕ ਇਖ਼ਤਿਆਰ ਨੂੰ ਰੱਖਣਾ ਅਤੇ ਇੱਕ ਇਖ਼ਤਿਆਰ ਦੇ ਅਧੀਨ ਹੋਣਾ ਦੋਹਾਂ ਨੂੰ ਸਮਝਦਾ/ਸਮਝਦੀ ਹੈ?

## ਵਿਕਾਸ ਦੇ ਵਿੱਚ ਡਿਸਟਿਕ ਬੋਰਡ ਆਫ ਮਿਨਸਟਰੀ ਲਈ ਸਹਾਇਤਾ

## EURASIA ਵਿੱਚ ਸਿੱਖਿਆ

*EURASIA ਡਿਸਟਿਕ ਬੋਰਡ ਆਫ ਮਿਨਸਟਰੀ ਵਿਕਾਸ*
*ਲਈ ਵਿਕਸਿਤ ਅਤੇ ਪੇਸ਼ ਕੀਤਾ ਗਿਆ*

**EURASIA ਖੇਤਰੀ ਮਿਸ਼ਨ**
EURASIA ਖੇਤਰ ਦਾ ਵਰਣਨ ਕੀਤਾ ਗਿਆ ਮਿਸ਼ਨ ਹੈ:

"**ਵੈਸਲੀਅਨ** ((ਪਵਿੱਤਰਤਾਈ/ਸਾਰਾ) **ਆਰਮੀਅਨ** (ਵਿਅਕਤੀਗਤ ਜ਼ਿੰਮੇਵਾਰੀ) **ਰਵਾਇਤ ਵਿੱਚ** (ਸੌਂਪਿਆ ਹੋਇਆ – ਹੱਥੀਂ ਘੱਟ ਕੇ ਰੱਖਣਾ ਨਹੀਂ), **ਇੱਕ ਦੇਸੀ** (ਦੇਸ਼ ਦੇ ਲਈ ਢੁੱਕਵਾਂ), **ਇੱਕ ਦੂਜੇ ਤੇ ਨਿਰਭਰ** (ਜੁੜਿਆ ਹੋਇਆ), **ਆਤਮ–ਸਮਰੱਥਣ ਕਰਨ ਵਾਲੀ** (ਸਨਮਾਨ/ਜਵਾਬਦੇਹੀ), **ਪਵਿੱਤਰ** (ਵਿਅਕਤੀਗਤ/ਸਮਾਜਿਕ/ਦੇਖਰੇਖ ਕਰਨ ਵਾਲਾ/ਨਿਆਉਂ), ਕਲੀਸਿਯਾ (ਵਿਸ਼ਵਾਸ ਦਾ ਸਮਾਜ), ਨੂੰ **ਵਿਕਸਿਤ ਕਰਨਾ।"**

**ਇਸ ਮਿਸ਼ਨ ਨੂੰ ਪੂਰਾ ਕਰਨ ਦੇ ਲਈ, EURASIA ਰੀਜ਼ਨ ਦੀ ਸਿੱਖਿਆ ਮੁਹਿੰਮ ਹੇਠਾਂ ਦਿੱਤੀਆਂ ਲਈ ਸਮਰਪਣ ਹੈ:**

- ਯੋਗ ਸਿੱਖਿਆ ਦੇ ਕਿਰਿਆਸ਼ੀਲ ਅਤੇ ਭਿੰਨ ਵਿਧੀਆਂ ਦਾ ਪ੍ਰਯੋਗ ਕਰਦੇ ਹੋਏ, "ਜਿਆਦਾ ਅਤੇ ਉੱਤਮ ਪਾਸਟਰਾਂ" ਨੂੰ ਵਿਕਸਿਤ ਕਰਨਾ: ਰਿਹਾਇਸ਼ੀ ਅਤੇ ਵਿਕੇਂਦਰੀਕਰਨ ਦੋਹੇਂ।
- ਕਲੀਸਿਯਾ ਵਾਧਾ, ਚੇਲੇਪਣ, ਅਤੇ ਡੂੰਘਾ ਵਿਕਾਸ।
- ਇਲਾਕੇ ਦੇ ਵਿੱਚ ਸੇਵਕਾਈ ਖੇਤਰਾਂ ਅਤੇ ਜਿਲ੍ਹਿਆਂ ਦੇ ਨਾਲ ਪੂਰਣ ਏਕੀਕਰਨ
- ਸੇਵਕਾਈ ਤਿਆਰੀ ਲਈ ਅੰਤਰਰਾਸ਼ਟਰੀ ਅਤੇ ਖੇਤਰੀ ਸ੍ਰੋਤਪੁਸਤਕਾਂ ਨਾਲ ਸੰਮਤੀ ਬਣਾਈ ਰੱਖਣਾ
- ਭਾਈਚਾਰੇ ਦਾ ਨਿਰਮਾਣ ਕਰਨਾ ਅਤੇ ਯੁੱਧਨੀਤਕ ਯੋਜਨਾ ਨੂੰ ਉਤਸਾਹਿਤ ਕਰਨਾ।
- ਸਥਾਨਕ ਫੈਕਲਟੀ ਅਤੇ ਵਿੱਦਿਅਕ ਆਗੂਆਂ ਨੂੰ ਵਿਕਸਿਤ ਕਰਨਾ।
- ਅਧਿਆਤਮਕ ਸਿੱਖਿਆ ਦੀਆਂ ਸਭਾਵਾਂ ਦੇ ਮੌਕਿਆਂ ਨੂੰ ਪ੍ਰਦਾਨ ਕਰਨਾ ਅਤੇ ਅਧਿਆਤਮਕ ਸਿੱਖਿਆ ਦੀ ਇੱਕਸਾਰਤਾ ਨੂੰ ਪ੍ਰਦਾਨ ਕਰਨਾ।
- ਸ੍ਰੋਤਾਂ ਦੇ ਵਿਕਾਸ ਲਈ ਅਤੇ ਸੇਵਕਾਈ ਲਈ ਉਪਯੋਗੀ ਸਾਮੱਗ੍ਰੀ ਲਈ ਸਾਹਿੱਤ ਨਾਲ ਅਰਥਪੂਰਣ ਏਕੀਕਰਣ।


**ਯੂਅਸ਼ੀਅ ਖੇਤਰ ਤੇ ਮਿੱਥੇ ਹੋਏ ਉੱਦੇਸ਼ ਅਤੇ ਸੰਪਨਤਾ ਨਾਲ ਇਨ੍ਹਾਂ ਯੁੱਧਨੀਤਕ ਵਿੱਦਿਅਕ ਪ੍ਰਾਥਮਿਕਤਾਵਾਂ ਨੂੰ ਪੂਰਿਆਂ ਕਰਨ ਦੇ ਲਈ, ਹੇਠਾਂ ਦਿੱਤੇ ਢਾਂਚੇ ਸਥਾਪਿਤ ਕੀਤੇ ਗਏ ਹਨ:**

- EURASIA ਏਜੂਕੇਸ਼ਂ ਕੌਸਿੰਲ ਅਤੇ ਰੀਜ਼ਨਲ ਕੋਰਸ ਆਫ ਸਟਡੀ ਏਡਵਾਈਸਰੀ ਕਮੇਟੀ ਸੇਵਕਾਈ ਸਿੱਖਿਆ ਵਿੱਚ ਉੱਚ ਮਾਪਦੰਡਾਂ ਨੂੰ ਨਿਸ਼ਚਿਤ ਕਰਨ ਲਈ ਨੇੜਿਓਂ ਕੰਮ ਕਰਦੀ ਹੈ।
- ਰੀਜ਼ਨਲ ਏਜੂਕੇਸ਼ਨ ਕੋਰਡੀਨੇਟਰ ਇਨ੍ਹਾਂ ਖੇਤਰੀ ਸਮੂਹਾਂ ਨੂੰ ਚਰਚ ਆਫ ਨਾਜ਼ਰੀਨ ਦੇ ਜਨਰਲ ਪੱਧਰ ਤੀਕ ਪੇਸ਼ ਕਰਦਾ ਹੈ।
- ਖੇਤਰ ਸੱਤ ਸੇਵਕਾਈ ਦੇ ਖੇਤਰਾਂ ਨਾਲ ਸੰਯੁਕਤ ਹੁੰਦਾ ਹੈ, ਜਿਨ੍ਹਾਂ ਵਿੱਚ ਸਾਰਿਆਂ ਦੇ ਕੋਲ ਇੱਕ ਫੀਲਡ ਏਜੂਕੇਸ਼ਨ ਕੋਰਡੀਨੇਟਰ ਹੁੰਦਾ ਹੈ, ਜਿਹੜਾ ਕਿ ਸਿੱਧਾ ਰੀਜਨਲ ਏਜੂਕੇਸ਼ਨ ਕੋਰਡੀਨੇਟਰ ਦੇ ਨਾਲ ਕੰਮ ਕਰਦਾ ਹੈ (ਅਤੇ EEC ਅਤੇ RCOSAC ਨਾਲ ਨੀਯਤ ਪਾਠਕ੍ਰਮ ਨਾਲ)।
- ਚਾਰ ਫੀਲਡ ਏਜੂਕੇਸ਼ਨ ਕੋਰਡੀਨੇਟਰ ਉਨ੍ਹਾਂ ਦੇ ਸੇਵਕਾਈ ਖੇਤਰ ਤੇ EuNC ਏਕਸਟੇਨਸ਼ਨ ਕੋਰਡੀਨੇਟਰ ਵਜੋਂ ਵੀ ਸੇਵਾ ਕਰਦੇ ਹਨ, ਅਤੇ ਇਸ ਤਰ੍ਹਾਂ EuNC ਦੇ ਵਿੱਦਿਅਕ ਡੀਨ ਨੂੰ ਰਿਪੋਰਟ ਦਿੰਦੇ ਹਨ।
- ਖੇਤਰ ਦਾ ਵਿੱਦਿਅਕ ਮੁੰਹਿਮ ਸਰਟੀਫਿਕੇਟ, ਡਿਪਲੋਮਾ, ਅਤੇ ਡਿਗਰੀ ਪ੍ਰੋਗਰਾਮ ਦਾ ਸਮਰਥਣ ਕਰਦੀ ਹੈ (BA, MA, PhD)।
- ਸਾਡੀਆਂ ਸਾਰੀਆਂ ਵਿੱਦਿਅਕ ਕੋਸ਼ਿਸ਼ਾਂ ਵਿੱਚ ਇੱਥੇ ਇੱਕ ਅਸਲ ਆਪਸੀ ਸਮਝ ਹੈ, ਅਤੇ ਹਸਤੀਆਂ ਵਿੱਚਕਾਰ ਵਾਰਤਾਲਾਪ ਨੂੰ ਖੋਲ੍ਹਦਾ ਹੈ, ਜਿਹੜਾ ਇਸ ਨੂੰ ਵੰਡਣ ਵਾਲਾ ਸੇਵਕਾਈ ਬਣਾਉਂਦਾ ਹੈ।

**EURASIA ਵਿੱਦਿਅਕ ਢਾਂਚਾ**

- ਹੇਠਾਂ ਦਿੱਤੇ ਗਏ ਚਾਰਟ ਨੂੰ ਵੇਖੋ:

## EURASIA ਵਿੱਦਿਅਕ ਢਾਂਚਾ



- EEC: EURASIA Education Council – ਏਜੂਕੇਸ਼ਨਲ ਕੋਸਿੰਲ
    - ❖ IBOE ਨਾਲ ਸੰਪਰਕ ਰੱਖਦੀ ਹੈ (ਇੰਟਰਨੈਸ਼ਨਲ ਬੋਰਡ ਆਫ ਏਜੂਕੇਸ਼ਨ)
    - ❖ ਸਾਰੇ ਵਿੱਦਿਅਕ ਸਭਾਪਤੀਆਂ ਅਤੇ ਵਿੱਦਿਅਕ ਡੀਨ ਨੂੰ ਸ਼ਾਮਿਲ ਕਰਦਾ; ਜਮ੍ਹਾ IBOE ਖੇਤਰੀ ਪ੍ਰਤੀਨਿਧੀ; ਜਮ੍ਹਾ REC ਅਤੇ RD.
    - ❖ ਸਾਰੇ ਖੇਤਰੀ ਵਿੱਦਿਅਕ ਦਰਸ਼ਣ-ਸ਼ਾਸਤ੍ਰ ਦੇ ਵਿਸ਼ਿਆਂ ਨਾਲ ਹੱਲ ਕਰਦੇ ਹਨ ਅਤੇ ਨੈਟਵਰਕਿੰਗ ਅਤੇ ਵਿੱਦਿਅਕ ਵਿਕਾਸ ਲਈ/ਦੇ ਵਾਤਾਵਰਣ ਨੂੰ ਪ੍ਰਦਾਨ ਕਰਦਾ ਹੈ।
- RCOSAC: ਰਿਜ਼ਨਲ ਕੋਰਸ ਆਫ ਸਟਡੀ ਏਡਵਾਈਸਰੀ ਕਮੇਟੀ
    - ❖ ICOSAC ਨਾਲ ਸੰਪਰਕ ਰੱਖਦੀ (ਅੰਤਰਰਾਸ਼ਟੀ ਕੋਰਸ ਆਫ ਸਟਡੀ ਏਡਵਾਈਸਰੀ ਕਮੇਟੀ)
    - ❖ ਸਾਰੇ ਵਿੱਦਿਅਕ ਸਭਾਪਤੀਆਂ ਅਤੇ ਵਿੱਦਿਅਕ ਡੀਨ ਨੂੰ ਸ਼ਾਮਿਲ ਕਰਦਾ; ਜਮ੍ਹਾ FSC, ਇੱਕ DS, ਇੱਕ ਪਾਦਰੀ ਵਰਗ ਵਿੱਚੋਂ, ਅਤੇ ਇੱਕ ਵਿਸ਼ਵਾਸੀ; ICOSAC ਖੇਤਰੀ ਪ੍ਰਤੀਨਿਧੀ; ਜਮ੍ਹਾ REC ਅਤੇ RD.
    - ❖ ਖੇਤਰ ਵਿੱਚ ਸੇਵਕਾਈ ਦੇ ਅਧਿਐਨ ਪਾਠਕ੍ਰਮ ਨਾਲ, ਅਤੇ ਪਾਸਟਰ ਤਜਵੀਜ ਪ੍ਰਬੰਧ ਲਈ ਕਿਤਾਬਾ ਦੇ ਪਰਸੰਗ ਵਿੱਚ ਸਾਰੇ ਵਿਸ਼ਿਆਂ ਨਾਲ ਹੱਲ ਕਰਦਾ ਹੈ।
- ਸਾਰੇ ਸਕੂਲ (ਸਿੱਖਿਆ ਪ੍ਰਬੰਧ ਕਰਨ ਵਾਲੇ) EEC ਅਤੇ RCOSAC ਦੋਹਾਂ ਨਾਲ ਸੰਪਰਕ ਰੱਖਦੇ ਹਨ. . .ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਚੋਣ ਖੇਤਰ ਦੇ ਜਿਲ੍ਹਿਆਂ ਵਿੱਚ (ਖੇਤਰਾਂ ਵਿੱਚ)।
- ਪਰਸਤੁਤੀਕਰਨ ਸਵਾਲ ਜਵਾਬ ਅਤੇ ਇੱਕ ਦੂਜੇ ਤੇ ਨਿਰਭਰ ਹੋਣ ਲਈ ਹੈ।
- ਜਿਲ੍ਹਿਆਂ ਦੀਆਂ ਵਿੱਦਿਅਕ ਦਿਲਚਸਪੀਆਂ ਵਿੱਦਿਆ ਵਿੱਚ ਕਲੀਸਿਯਾ ਦੇ ਸਾਰੇ ਪੱਧਰਾਂ ਤੇ ਦਿੱਤੀਆਂ ਜਾਂਦੀਆਂ ਅਤੇ ਹਾਮੀ ਭਰੀਆਂ ਜਾਂਦੀਆਂ ਹਨ. . .ਵਿੱਦਿਅਕ ਪ੍ਰਬੰਧਕ ਦੇ ਰਾਹੀਂ, EEC ਅਤੇ RCOSAC, REC (ਰਿਜਨਲ ਏਜੂਕੇਸ਼ਨ ਕੋਰਡੀਨੇਟਰ), ਵਿਸ਼ਵ-ਵਿਆਪੀ ਵਿੱਦਿਅਕ ਬੋਰਡ/ਕਮੇਟੀਆਂ ਤੇ ਖੇਤਰੀ ਪ੍ਰਤੀਨਿਧੀ, ਰੀਜਨਲ ਡਾਇਰੇਕਟਰ ਅਤੇ ਜਨਰਲ ਬੋਰਡ।

**ਨਾਜ਼ਰੀਨ ਨਿਯਮਾਵਲੀ**

- ਨਿਯਮਾਵਲੀ ਦਾ ਅਧਿਆਏ 5 (par. 426-435.8) ਸੇਵਕਾਈ ਦੇ ਸਾਰੇ ਪੱਧਰਾਂ ਅਤੇ ਕਿਸਮਾਂ ਨਾਲ ਸੰਬੰਧਿਤ ਪਰਮਾਣ ਪੱਤਰਾਂ ਅਤੇ ਸੇਵਕਾਈ ਸੰਬੰਧੀ ਨਿਯਮਾਂ ਦੀ ਰੂਪਰੇਖਾ ਦਿੰਦਾ ਹੈ।
- ਨਿਯਮਾਵਲੀ ਦਾ ਅਧਿਆਏ 5 (par. 226-231.4) ਡਿਸਟਿਕ ਬੋਰਡ ਆਫ ਮਿਨਸਟਰੀ ਦੇ ਫਰਜਾਂ ਦੀ ਰੂਪਰੇਖਾ ਨੂੰ ਦਿੰਦਾ ਹੈ।
- ਇੱਕ DS ਅਤੇ/ਜਾਂ DBM ਹੁੰਦੇ ਹੋਏ, ਤੁਹਾਨੂੰ ਇਨ੍ਹਾਂ ਪੈਰਿਆਂ ਪ੍ਰਤੀ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ. . .ਅਤੇ ਸਾਰੇ ਜਿਹੜੇ ਕਿ ਸੇਵਕਾਈ ਵਿੱਚ ਵਿਕਾਸ ਨਾਲ ਸ਼ਾਮਿਲ ਹਨ ਨੂੰ ਇਨ੍ਹਾਂ ਨਿਯਮਾਂ ਵਿੱਚ ਡਟੇ ਰਹਿਣ ਲਈ ਮਾਰਗ-ਦਰਸ਼ਣ ਕਰਨਾ ਚਾਹੀਦਾ ਹੈ।
- ਇੱਕ ਚੁਨੌਤੀ. . .
    - ❖ ਜਦੋਂ ਤੁਸੀਂ ਉਨ੍ਹਾਂ ਨੂੰ ਚੁਣਦੇ ਹੋ ਜਿਹੜੇ ਕਿ ਤੁਹਾਡੀ ਬੋਰਡ ਆਫ ਮਿਨਸਟਰੀ ਵਿੱਚ ਸੇਵਾ ਕਰਨਗੇ ਤਾਂ ਸਾਵਧਾਨ ਅਤੇ ਪ੍ਰਾਰਥਨਾ ਪੂਰਵਕ ਰਹੋ. . .ਓਹਨਾਂ ਨੂੰ ਅਜਿਹੇ ਵਿਅਕਤੀ ਹੋਣ ਦੀ ਲੋੜ ਹੈ ਜਿਹੜੇ ਕਿ ਸੇਵਕਾਈ ਲਈ ਜੁਆਨ ਆਦਮੀ ਅਤੇ ਔਰਤਾਂ ਦੇ ਵਿਕਾਸ ਵਿੱਚ, ਉਨ੍ਹਾਂ ਦੇ ਨਾਲ ਸਾਥੀ ਬਣਨ, ਉਨ੍ਹਾਂ ਦੀ ਅਗਵਾਈ ਕਰਨ. . . ਲਈ ਆਪਣੇ ਆਪ ਦਾ ਨਿਵੇਸ਼ ਕਰਨ ਦੇ ਇਛੁੱਕ ਅਤੇ ਯੋਗ ਹੋਣਗੇ।

- **ਡਿਸਟਿਕ ਬੋਰਡ ਆਫ ਮਿਨਸਟਰੀ**
    - ❖ **ੳ. ਡਿਸਟਿਕ ਮਿਨਸਟਰੀਅਲ ਕਰੇਡਨਸ਼ੀਅਲ ਬੋਰਡ**
        - 226. ਡਿਸਟਿਕ ਮਿਨਸਟਰੀਅਲ ਕਰੇਡਨਸ਼ੀਅਲ ਬੋਰਡ ਘੱਟ ਤੋਂ ਘੱਟ 5 ਅਤੇ ਨਾ ਹੀ 15 ਤੋਂ ਜਿਆਦਾ ਓਰਡੀਨੇਸ਼ਨ ਪਾਏ ਹੋਏ ਸੇਵਕਾਂ ਨਾਲ ਨਿਰਮਾਣ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿੱਚੋਂ ਇੱਕ ਜਿਲ੍ਹਾ ਸੁਪਰੀਡੈਂਟ ਹੋਣਾ ਚਾਹੀਦਾ ਹੈ। ਉਹ ਇੱਕ ਚਾਰ ਸਾਲਾਂ ਦੇ ਸਮੇਂ ਤੀਕ ਸੇਵਾ ਕਰਨਗੇ ਅਤੇ ਜਦ ਤੀਕ ਉਨ੍ਹਾਂ ਦੇ ਵਾਰਸ ਨਹੀਂ ਚੁਣੇ ਜਾਂਦੇ ਅਤੇ ਯੋਗ ਨਹੀਂ ਹੁੰਦੇ ਹਨ। ਫਿਰ ਵੀ, ਉਨ੍ਹਾਂ ਦੀਆਂ ਸੇਵਾਂ ਦੀ ਸ਼ਰਤਾਂ ਬੋਰਡ ਦੇ ਇੱਕ ਅਨੁਪਾਤ ਦੀ ਚੋਣ ਦੁਆਰਾ ਲੜਖੜਾ ਸਕਦੀਆਂ ਹਨ। (203.15)
        - 226.1. 1 ਮਿਨਸਟਰੀਅਲ ਕਰੇਡਨਸ਼ੀਅਲ ਬੋਰਡ ਵਿੱਚ ਜਿਲ੍ਹਾਂ ਅੰਤਰਮ ਵਿੱਚ ਆਉਂਦਾ ਹੋਇਆ ਇੱਕ ਖਾਲ੍ਹੀ ਸਥਾਨ ਜਿਲ੍ਹਾ ਸੁਪਰਟੀਡੈਂਟ ਦੁਆਰਾ ਨਿਯੁਕਤੀ ਰਾਹੀਂ ਭਰਿਆ ਜਾ ਸਕਦਾ ਹੈ। (212)
        - 227. 2 ਮਿਨਸਟਰੀਅਲ ਕਰੇਡਨਸ਼ੀਅਲ ਬੋਰਡ ਦੀ ਚੋਣ ਤੋਂ ਬਾਅਦ ਜਿਲ੍ਹਾ ਸੁਪਰੀਡੈਂਟ ਹੇਠਾਂ ਦਿੱਤੇ ਅਨੁਸਾਰ ਪ੍ਰਬੰਧ ਦੇ ਲਈ ਬੋਰਡ ਦੀ ਇੱਕ ਮੀਟਿੰਗ ਨੂੰ ਸੱਦੇਗਾ।

- 227.1. ਡਿਸਟਿਕ ਸੁਪਰੀਡੈਂਟ ਬੋਰਡ ਦੇ ਵਿੱਚ ਇੱਕ ਔਹਦੇ ਦੇ ਨਾਤੇ ਚੇਅਰਪਰਸਨ ਵਜੋਂ ਕੰਮ ਕਰੇਗਾ, ਉਸ ਦੀ ਬੇਨਤੀ ਦੇ ਉੱਪਰ ਬੋਰਡ ਅਗਲੀ ਡਿਸਟਿਕ ਏਸਮਬਲੀ ਦੀ ਸਮਾਪਤੀ ਤੀਕ ਇਸ ਤਰ੍ਹਾਂ ਦੇ ਸੰਬੰਧ ਵਿੱਚ ਕਾਰਜਕਾਰੀ ਚੇਅਰਰਪਰਸਨ ਦੀ ਚੋਣ ਕਰ ਸਕਦਾ ਹੈ। (213)
- 227.2. ਬੋਰਡ ਇਸ ਦੇ ਮੈਂਬਰਾਂ ਵਿੱਚੋਂ ਇੱਕ ਸਥਾਈ ਸਕੱਤਰ ਨੂੰ ਚੁਣੇਗਾ ਜਿਹੜਾ ਕਿ ਵੇਰਵੇ ਦੀ, ਡਿਸਟਿਕ ਏਸਮਬਲੀ ਦੇ ਖਰਚ ਤੇ, ਇੱਕ ਢੁੱਕਵੀਂ ਪ੍ਰਣਾਲੀ ਦਾ ਪ੍ਰਬੰਧ ਕਰੇਗਾ, ਜੋ ਕਿ ਜਿਲ੍ਹੇ ਦੀ ਸੰਪਤੀ ਹੋਵੇਗੀ। ਸਕੱਤਰ ਬੋਰਡ ਦੀਆਂ ਸਾਰੀਆਂ ਕਿਰਿਆਵਾਂ ਨੂੰ ਸਾਵਧਾਨੀ ਨਾਲ ਲਿਖੇਗਾ ਅਤੇ ਵਫਾਦਾਰੀ ਨਾਲ ਉਨ੍ਹਾਂ ਨੂੰ ਹੋਰਨਾਂ ਦੂਜੇ ਵੇਰਵਿਆਂ ਦੇ ਨਾਲ ਸੁਰੱਖਿਅਤ ਰੱਖੇਗਾ ਜਿਹੜੇ ਕਿ ਬੋਰਡ ਡੇ ਕੰਮ ਲਈ ਢੁੱਕਵੇਂ ਹੋਣਗੇ ਅਤੇ ਉਸ ਦੇ ਵਾਰਿਸ ਅੱਗੇ ਤਤਪਰਤਾ ਨਾਲ ਸੌਂਪੇਗਾ ਜਾਂ ਸੌਂਪੇਗੀ।

**228. ਮਿਨਸਟਰੀਅਲ ਕਰੇਡਨਸ਼ੀਅਲ ਬੋਡਰ ਦੀਆਂ ਕਰੱਤਵ ਹਨ:**

- 228.1. ਸਾਰੇ ਵਿਅਕਤੀਆਂ ਦਾ ਸਾਵਧਾਨੀ ਨਾਲ ਜਾਂਚ ਅਤੇ ਮੁਲਾਂਕਣ ਕਰਨਾ ਜਿਹੜੇ ਕਿ ਉੱਚਿਤ ਢੰਗ ਨਾਲ ਡਿਸਟਿਕ ਏਸਮਬਲੀ ਦੇ ਅੱਗੇ ਬਜ਼ੁਰਗਾਂ, ਨਿਗਾਹਬਾਨ ਦੇ ਦਰਜੇ, ਅਤੇ ਸੇਵਕ ਦੇ ਲਾਈਸੈਂਸ ਦੇ ਦਰਜ਼ੇ ਦੀ ਚੋਣ ਦੇ ਲਈ ਪੇਸ਼ ਕੀਤੇ ਗਏ ਹਨ।
- 228.2. ਸਾਰੇ ਵਿਅਕਤੀਆਂ ਦਾ ਸਾਵਧਾਨੀ ਨਾਲ ਜਾਂਚ ਅਤੇ ਮੁਲਾਂਕਣ ਕਰਨਾ ਜਿਹੜੇ ਕਿ ਸੇਵਕਾਈ ਵਿੱਚ ਨਿਯੁਕਤ ਕਿਸੇ ਵੀ ਭੂਮਿਕਾ ਦੇ ਲਈ ਇੱਕ ਸਰਟੀਫਿਕੇਟ ਪ੍ਰਾਪਤ ਕਰਨ ਦੀ ਇੱਛਾ ਕਰ ਰਹੇ ਹਨ, ਜਿਨ੍ਹਾਂ ਵਿੱਚ ਸਾਰੇ ਵਿਸ਼ਵਾਸੀ ਅਤੇ ਸੇਵਕਾਈ ਉਮੀਦਵਾਰ ਸਥਾਨ ਕਲੀਸਿਯਾ ਤੋਂ ਪਰੇ ਸੇਵਕਾਈਆਂ ਵਿੱਚ ਪਛਾਣੇ ਜਾਣ ਲਈ ਇਛੁੱਕ ਹੁੰਦੇ ਸ਼ਾਮਿਲ ਹਨ, ਅਤੇ ਨਿਯਮਾਵਲੀ ਦੁਆਰਾ ਪ੍ਰਬੰਧ ਕੀਤੇ ਕਿਸੇ ਵੀ ਹੋਰ ਸੰਬੰਧਾਂ ਲਈ।
- 228.3. ਹਰੇਕ ਉਮੀਦਵਾਰ ਦੀ ਸਾਵਧਾਨੀ ਨਾਲ ਪੁੱਛਗਿਛ ਕਰਨਾ ਅਤੇ ਕਿਸੇ ਵੀ ਹੋਰ ਜਾਂਚ ਨੂੰ ਜਿਹੜੀ ਕਿ ਉਸ ਦੇ/ਦੀ ਵਿਅਕਤੀਗਤ ਮੁਕਤੀ ਦੇ ਸੰਬੰਧ ਵਿੱਚ ਵਿਚਾਰਯੋਗ ਮਹਿਸੂਸ ਕੀਤੀ ਜਾਂਦੀ; ਪਵਿੱਤਰ ਆਤਮਾ ਦੇ ਬਪਿਤਸਮੇ ਦੇ ਦੁਆਰਾ ਪੂਰਣ ਪਵਿੱਤਰਤਾਈ ਦਾ ਵਿਅਕਤੀਗਤ ਅਨੁਭਵ, ਮਸੀਹੀ ਚਰਿੱਤਰ ਦਾ ਨੇਮ ਅਤੇ ਮਸੀਹੀ ਆਚਰਣ ਦਾ ਨੇਮ, ਅਤੇ ਕਲੀਸਿਯਾ ਦੀ ਨੀਤੀ; ਕਿਰਪਾ, ਦਾਨਾਂ, ਸਿਆਣਪ, ਨੈਤਿਕ, ਅਤੇ ਆਤਮਿਕ ਯੋਗਤਾਵਾਂ, ਅਤੇ ਸੇਵਕਾਈ ਦੇ ਲਈ ਆਮ ਅਨੁਕੂਲਤਾ ਜਿਸ ਦੇ ਲਈ ਉਮੀਦਵਾਰ ਬੁਲਾਇਆ ਗਿਆ ਮਹਿਸੂਸ ਹੁੰਦਾ ਹੈ ਦੀ ਛਾਣ-ਬੀਣ ਕਰਨਾ।
- 228.4. ਹਰੇਕ ਉਮੀਦਵਾਰ ਦੇ ਆਚਰਣ ਦਾ ਇਹ ਪਛਾਣ ਕਰਨ ਨੂੰ ਭਾਲਣ ਲਈ ਕਿ ਕੀ ਉਮੀਦਵਾਰ ਕੋਲ ਇੱਕ ਆਚਰਣ ਦਾ ਨਮੂਨਾ ਹੈ ਜਾਂ ਵਿੱਚ ਸ਼ਾਮਿਲ ਹੈ ਦੀ ਸਾਵਧਾਨੀ ਨਾਲ ਛਾਣਬੀਣ ਕਰਨਾ, ਜਿਸ ਵਿੱਚ ਜੇਕਰ ਨਿਰੰਤਰ ਰਹਿੰਦਾ ਤਾਂ ਜਿਸ ਸੇਵਕਾਈ ਲਈ ਉਮੀਦਵਾਰ ਨੇ ਬੇਨਤੀ ਪੱਤਰ ਦਿੱਤਾ ਹੈ ਨਾਲ ਬੇਮੇਲ ਹੋਵੇਗਾ।
- 228.5. ਕਿਸੇ ਵੀ ਸਥਾਨਕ ਸੇਵਕ ਦੀ ਮੁੜ ਨਿਯੁਕਤੀ ਦੀ ਮਨਜ਼ੂਰੀ ਲਈ ਪੜ੍ਹਚੋਲ ਕਰਨਾ ਜਿਹੜਾ ਕਿ ਪਾਸਟਰ ਦੀ ਭੂਮਿਕਾ ਲਈ ਨਿਯੁਕਤ ਕੀਤਾ ਜਾਂਦਾ ਰਿਹਾ ਹੈ ਜੇਕਰ ਉਸ ਨੇ ਇਸ ਤਰ੍ਹਾਂ ਦੀ ਸੇਵਕਾਈ ਵਿੱਚ ਡਿਸਟਿਕ ਏਸਮਬਲੀ ਦੀ ਨਿਯੁਕਤੀ ਤੋਂ ਬਾਅਦ ਨਿਰੰਤਰ ਸੇਵਾ ਕਰਨੀ ਹੈ। (426.6)
- 228.6. ਇੱਕ ਨਿਯੁਕਤ ਕੀਤੇ ਸੇਵਕ ਦੀ ਦੋ ਲਗਾਤਾਰ ਸਾਲਾਂ ਤੀਕ ਅਸਫਲਤਾ ਦੇ ਕਾਰਨ ਲਈ ਡਿਸਟਿਕ ਏਸਮਬਲੀ ਨੂੰ ਰਿਪੋਰਟ ਕਰਨ ਲਈ ਛਾਣਬੀਣ ਅਤੇ ਨਿਰੀਖਣ ਕਰਨਾ ਅਤੇ ਡਿਸਟਿਕ ਏਸਮਬਲੀ ਨੂੰ ਬਜ਼ੁਰਗਾਂ ਅਤੇ ਨਿਗਾਹਬਾਨਾਂ ਦੀਆਂ ਪਰਕਾਸ਼ਤ ਭੂਮਿਕਾਵਾਂ ਤੇ ਨਿਰੰਤਰ ਸੂਚੀ ਸੰਬੰਧੀ ਸਿਫਾਰਸ਼ ਕਰਨਾ।
- 228.7. ਇੱਕ ਨਿਯੁਕਤ ਕੀਤੇ ਸੇਵਕ ਦੇ ਸੰਬੰਧਾਂ ਰਿਪੋਰਟ ਦੀ ਜਾਂਚ ਪੜ੍ਹਤਾਲ ਕਰਨਾ ਜੋ ਇਹ ਸੰਕੇਤ ਕਰਦੀਆਂ ਕਿ ਉਹ ਉਸ ਨੇ ਉਸ ਦੀ ਕਲੀਸਿਯਾ ਦੀ ਸੱਦਸਤਾ ਨੂੰ ਕਿਸੇ ਹੋਰ ਦੂਜੇ ਚਰਚ ਦੇ ਨਾਲ ਵੀ ਰੱਖਿਆ ਹੈ ਜਾਂ ਉਹ ਕਿਸੇ ਹੋਰ ਸੰਸਥਾ ਜਾਂ ਸਮੂਹ ਦੀ ਸੇਵਕਾਈ ਵਿੱਚ ਸ਼ਾਮਿਲ ਹੋ ਗਈ ਜਾਂ ਗਿਆ ਹੈ ਜਾਂ ਪੂਰੀ ਤਰ੍ਹਾਂ ਅਧਿਕਾਰਿਕ ਇਜਾਜ਼ਤ ਤੋਂ ਬਿਨਾਂ ਅਜ਼ਾਦ ਕਿਰਿਆਵਾਂ ਵਿੱਚ ਹਿੱਸਾ ਲੈ ਰਿਹਾ ਹੈ, ਅਤੇ ਡਿਸਟਿਕ ਏਸਮਬਲੀ ਨੂੰ ਬਜ਼ੁਰਗਾਂ ਅਤੇ ਨਿਗਾਹਬਾਨਾਂ ਦੀ ਭੂਮਿਕਤਾ ਤੇ ਉਸ ਦੀ ਰੋਕ ਸੰਬੰਧੀ ਸਿਫਰਾਸ਼ ਕਰਨਾ। (112, 433.11)
- 228.8. ਡਿਸਟਿਕ ਏਸਮਬਲੀ ਲਈ ਇੱਕ ਸੇਵਕ ਦੇ ਸੇਵਾਮੁਕਤ ਸੰਬੰਧ ਲਈ ਸਿਫਾਰਸ਼ ਕਰਨਾ ਇਸ ਤਰ੍ਹਾਂ ਦੇ ਸੰਬੰਧ ਦੀ ਬੇਨਤੀ ਤੇ ਅਤੇ ਜੋ, ਬੋਰਡ ਦੇ ਪ੍ਰਬੰਧਕਾਂ ਵਿੱਚ ਹੈ, ਅਯੋਗਤਾ ਦੇ ਕਾਰਨ ਕਿਰਿਆਸ਼ੀਲ ਸੇਵਕਾਈ ਸੰਬੰਧੀ ਵਿੱਚ ਸੇਵਾ ਵਿੱਚ ਜਾਰੀ ਰੱਖਣ ਵਿੱਚ ਅਯੋਗ ਹੈ (203.27,

431) ਜਾਂ ਜਿਹੜਾ ਉਮਰ ਦੇ ਕਾਰਨ ਸੇਵਕਾਈ ਸੰਬੰਧੀ ਕਿਰਿਆਵਾਂ ਨੂੰ ਜਾਰੀ ਨਾ ਰੱਖਣ ਦੀ ਇੱਛਾ ਰੱਖਦਾ ਹੈ।

- 228.9. ਡਿਸਟਿਕ ਏਸਮਬਲੀ, ਪਾਦਰੀ ਵਰਗ ਦੇ ਮੈਂਬਰਾਂ, ਅਤੇ ਉਹ ਜਿਹੜੇ ਨਿਰੰਤਰ ਸੇਵਕਾਈ ਭੂਮਿਕਾਵਾਂ ਲਈ ਲਾਈਸੈਂਸ ਦਿੱਤੇ ਗਏ ਹਨ, ਕਿਸੇ ਹੋਰ ਜਿਲ੍ਹੇ ਵਿੱਚ ਬਦਲੇ ਜਾਣ ਦੀ ਸਿਫਾਰਸ਼ ਕਰਨਾ, ਜਿਸ ਵਿੱਚ ਡਿਸਟਿਕ ਏਡਵਾਈਜਰੀ ਬੋਰਡ ਦੁਆਰਾ ਪ੍ਰਮਾਣਿਤ ਆਰਜ਼ੀ ਸਮੇਂ ਲਈ ਬਦਲੀ ਵੀ ਸ਼ਾਮਿਲ ਹੈ। (203.9, 432-32.2)
- 228.10. ਡਿਸਟਿਕ ਏਸਮਬਲੀ ਨੂੰ, ਵਿਅਕਤੀ ਜਿਨ੍ਹਾਂ ਕੋਲ ਸੇਵਕਾਈ ਪਰਿਚੈ ਪੱਤਰ ਹਨ, ਪਾਦਰੀ ਵਰਗ ਦੇ ਮੈਂਬਰ, ਅਤੇ ਜਿਨ੍ਹਾਂ ਕੋਲ ਨਿਰੰਤਰ ਸੇਵਕਾਈ ਭੂਮਿਕਾ ਲਈ ਲਾਈਸੈਂਸ ਹੈ ਦੂਜੇ ਜਿਲ੍ਹਿਆਂ ਤੋਂ ਬਦਲੀ ਨੂੰ ਪਰਵੇਸ਼ ਸਮਾਰੋਹ ਕਰਨ ਦੀ ਸਿਫਾਰਸ਼ ਕਰਨਾ, ਜਿਸ ਵਿੱਚ ਡਿਸਟਿਕ ਏਡਵਾਈਸਰੀ ਬੋਰਡ ਦੁਆਰਾ ਆਰਜ਼ੀ ਸਮੇਂ ਲਈ ਮਨਜ਼ੂਰ ਬਦਲੀ ਵੀ ਸ਼ਾਮਿਲ ਹੈ। (203.8, 432-32.2)

### ❖ ਅ. ਦਾ ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ

- 229. ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ ਪੰਜ ਜਾਂ ਜਿਆਦਾ ਓਰਡੀਨੇਸ਼ਨ ਪਾਏ ਹੋਏ ਸੇਵਕਾਂ ਦੁਆਰਾ ਸੰਯੁਕਤ ਹੋਵੇਗਾ, ਇੱਕ ਚਾਰ ਸਾਲਾਂ ਦੇ ਸਮੇਂ ਲਈ ਸੇਵਾ ਵਾਸਤੇ ਡਿਸਟਿਕ ਏਸਮਬਲੀ ਦੁਆਰਾ ਚੋਣ ਕੀਤਾ ਗਿਆ ਅਤੇ ਜਦ ਤੀਕ ਉਨ੍ਹਾਂ ਦੇ ਵਾਰਸ ਚੁਣੇ ਨਹੀਂ ਅਤੇ ਯੋਗ ਨਹੀਂ ਹੁੰਦੇ ਹਨ। ਫਿਰ ਵੀ, ਉਨ੍ਹਾਂ ਦੀਆਂ ਸੇਵਾਂ ਦੀ ਸ਼ਰਤਾਂ ਸਲਾਨਾ ਬੋਰਡ ਦੇ ਇੱਕ ਅਨੁਪਾਤ ਦੀ ਚੋਣ ਦੁਆਰਾ ਲੜਖੜਾ ਸਕਦੀਆਂ ਹਨ (203.16)
- 229.1. ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ ਵਿੱਚ ਆਉਂਦੇ ਹੋਏ ਖਾਲ੍ਹੀ ਪਦ, ਡਿਸਟਿਕ ਏਸਮਬਲੀ ਦੇ ਮੱਧਕਾਲੀਨ ਸ਼ੈਸ਼ਨਾਂ ਵਿੱਚ, ਡਿਸਟਿਕ ਸੁਪਰੀਡੈਂਟ ਦੁਆਰਾ ਨਿਯੁਕਤ ਕੀਤੇ ਜਾਣ ਦੁਆਰਾ ਭਰੇ ਜਾ ਸਕਦੇ ਹਨ। (212)

### 230. ਮਿਨਸਟਰੀਅਲ ਸਟਡੀਸ ਬੋਰਡ ਦੇ ਕਰਤੱਵ ਹਨ:

- 230. ਡਿਸਟਿਕ ਏਸਮਬਲੀ ਦੀ ਸਮਾਪਤੀ ਤੋਂ ਪਹਿਲਾਂ ਜਿਸ ਵਿੱਚ ਬੋਰਡ ਚੁਣਿਆ ਜਾਂਦਾ ਹੈ, ਡਿਸਟਿਕ ਸੁਪਰਟੀਡੈਂਟ ਜਾਂ ਜਿਲ੍ਹਾ ਸਕੱਤਰ ਹੇਠਾਂ ਦਿੱਤੇ ਪ੍ਰਬੰਧ ਅਤੇ ਸੌਂਪੇ ਗਏ ਕੰਮਾਂ ਲਈ ਬੋਰਡ ਦੇ ਸਾਰੇ ਮੈਂਬਰਾ ਦੀ ਇੱਕ ਮੀਟਿੰਗ ਨੂੰ ਸੱਦੇਗਾ:
- 230.1. ਬੋਰਡ ਇਸ ਦੇ ਮੈਂਬਰਾਂ ਦੇ ਵਿੱਚੋਂ ਹੀ ਇੱਕ ਚੇਅਰਪਰਸਨ ਨੂੰ ਚੁਣੇਗਾ। ਉਹ ਇੱਕ ਨਿਯੁਕਤ ਵਿਅਕਤੀ ਨੂੰ ਸਕੱਤਰ ਵਜੋਂ ਚੁਣਗੇ, ਜਿਸ ਕੋਲ ਦੂਜੇ ਮੈਂਬਰਾਂ ਦੇ ਨਾਲ ਓਰਡੀਨੇਸ਼ਨ ਦੇ ਲਈ ਇੱਕ ਵਾਜਬ ਅਧਿਐਨ ਪਾਠਕ੍ਰਮ ਦੇ ਰਾਹੀਂ ਉਮੀਦਵਾਰਾਂ ਦੀ ਜਾਂਚ ਪੜਤਾਲ ਅਤੇ ਉੱਨਤੀ ਦੀ ਜ਼ਿੰਮੇਵਾਰੀ ਹੋਵੇਗੀ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਦੇ ਇੱਕ ਸਥਾਈ ਵੇਰਵੇ ਨੂੰ ਰੱਖਣਾ ਹੋਵੇਗਾ। (230.5, 424.1-24.3)
- 230.2. ਚੇਅਰਪਰਸਨ ਬੋਰਡ ਦੇ ਦੂਜੇ ਮੈਂਬਰਾਂ ਨੂੰ ਸਾਰੇ ਉਮੀਦਵਾਰਾਂ ਦੀ ਜਿਨ੍ਹਾਂ ਨੇ ਸੇਵਕਾਈ ਤਿਆਰੀ ਲਈ ਇੱਕ ਵਾਜਬ ਅਧਿਐਨ ਪਾਠਕ੍ਰਮ ਲਈ ਨਾਮ ਦਰਜ਼ ਕਰਵਾਇਆ ਹੈ ਨਿਗਰਾਨੀ ਅਤੇ ਜ਼ਿੰਮੇਵਾਰੀ ਲਈ ਨਿਯੁਕਤ ਕਰੇਗਾ। ਇਸ ਤਰ੍ਹਾਂ ਦੇ ਸੌਂਪੇ ਗਏ ਕੰਮ ਤਦ ਤੀਕ ਜਾਰੀ ਰਹਿਣਗੇ ਜਦ ਤੀਕ ਉਮੀਦਵਾਰ ਕਮੇਟੀ ਮੈਂਬਰ ਦੀਆਂ ਪਦ ਦੀਆਂ ਸ਼ਰਤਾਂ ਦੌਰਾਨ ਕਿਰਿਆਸ਼ੀਲ ਭਰਤੀ ਰਹਿੰਦੇ ਹਾਂ ਜਦ ਤੀਕ ਇਸ ਦੇ ਉਲਟ ਆਪਸੀ ਪ੍ਰਬੰਧ ਨਹੀਂ ਕੀਤੇ ਜਾਂਦੇ।
- 230.3. ਚੇਅਰਪਰਸਨ ਬੋਰਡ ਦੀਆਂ ਸਾਰੀਆਂ ਮੀਟਿੰਗ ਵਿੱਚ ਹਾਜ਼ਰ ਹੋਵੇਗਾ, ਜਦ ਤੀਕ ਰੱਬੀ ਕੋਈ ਰੋਕ ਨਹੀਂ, ਅਤੇ ਹਰੇਕ ਸਾਲ ਬੋਰਡ ਦੇ ਕੰਮ ਦੀ ਨਿਗਰਾਨੀ ਕਰੇਗਾ। ਚੇਅਰਪਰਸਨ ਦੀ ਜਰੂਰੀ ਗੈਰ-ਮੌਜਦੂਗੀ ਵਿੱਚ, ਸਕੱਤਰ ਉਸ ਦੇ ਕੰਮ ਨੂੰ ਆਰਜ਼ੀ ਤੌਰ ਤੇ ਕਰੇਗਾ।
- 230.4. ਸਕੱਤਰ, ਡਿਸਟਿਕ ਏਸਮਬਲੀ ਦੇ ਲਈ, ਸੇਵਕਾਈ ਸੰਬੰਧੀ ਅਧਿਐਨਾਂ ਦੀ ਕਿਤਾਬਾਂ ਦੇ ਇੱਕ ਢੁੱਕਵੇਂ ਵੇਰਵੇ ਦਾ ਪ੍ਰਬੰਧ ਕਰੇਗਾ, ਜੋ ਕਿ ਡਿਸਟਿਕ ਏਸਮਬਲੀ ਦੀ ਸੰਪਤੀ ਹੋਵੇਗਾ, ਅਤੇ *ਓਰਡੀਨੇਸ਼ਨ ਤੇ ਸ੍ਰੋਤਪੁਸਤਕ* ਵਿੱਚ ਨਿਰਦੇਸ਼ਾਂ ਅਨੁਸਾਰ ਪ੍ਰਯੋਗ ਕੀਤਾ ਜਾਵੇਗਾ।
- 230.5. ਬੋਰਡ ਦੇ ਦੂਜੇ ਮੈਂਬਰ ਬੋਰਡ ਦੀਆਂ ਮੀਟਿੰਗਾਂ ਵਿੱਚ ਵਫ਼ਾਦਾਰੀ ਨਾਲ ਹਾਜ਼ਰ ਹੋਣਗੇ ਅਤੇ ਸਾਰੇ ਉਮੀਦਵਾਰਾਂ ਦੀ ਨਿਗਾਹਬਾਨੀ ਕਰਨਗੇ (1) ਭਾਈਬੰਦੀ ਦੇ ਉਤਸਾਹ, ਸਲਾਹ, ਅਤੇ ਮਾਰਗ ਦਰਸ਼ਣ ਦੁਆਰਾ; ਅਤੇ (2) ਨਮੂਨੇ ਦੁਆਰਾ ਸਿਖਲਾਈ ਦੇਣ ਦੁਆਰਾ ਅਤੇ ਪਾਦਰੀ ਦੇ ਸਦਾਚਾਰ ਸੰਬੰਧੀ ਕਿਵੇਂ ਇੱਕ ਪਾਦਰੀ ਵਰਗ ਦਾ ਮੈਂਬਰ ਸਰੀਰਕ ਸੰਬੰਧਾਂ ਦੇ ਗ਼ਲਤ ਆਚਰਣ ਤੋਂ ਬਚਿਆ ਰਹਿ ਸਕਦਾ ਹੈ ਤੇ ਖਾਸ ਧਿਆਨ ਦੇਣ ਵਾਲ ਗੱਲਬਾਤ ਕਰਨ ਦੇ ਦੁਆਰਾ। (230.1)

- 230.6. ਬੋਰਡ ਡਿਸਟਿਕ ਸੁਪਰਟੀਡੈਂਟ ਅਤੇ ਕਲਰਜੀ ਡਿਵਲਪਮੈਂਟ ਦੇ ਨਾਲ ਅਧਿਐਨ ਪਾਠਕ੍ਰਮ ਏਡਵਾਈਸਰੀ ਕਮੇਟੀ ਰਾਹੀਂ (COSAC) ਸਾਰੇ ਉਮੀਦਵਾਰਾਂ ਨੂੰ ਉਤਸਾਹਿਤ ਕਰਨਾ, ਸਹਾਇਤਾ ਦੇਣ, ਅਤੇ ਮਾਰਗ-ਦਰਸ਼ਣ ਕਰਨ ਵਿੱਚ ਸਹਾਇਤਾ ਕਰੇਗਾ ਜਿਹੜੇ ਕਿ ਇੱਕ ਨਾਜ਼ਰੀਨ ਕਾਲੇਜ/ਵਿਸ਼ਵ ਵਿਦਿਆਲਾ ਜਾਂ ਸੈਮੀਨਰੀ ਵਿੱਚ ਇੱਕ ਮਨਜ਼ੂਰਸ਼ੁਦਾ ਅਧਿਐਨ ਪਾਠਕ੍ਰਮ ਨੂੰ ਕਰ ਰਹੇ ਹਨ।
- 231. ਬੋਰਡ ਲਾਈਸੈਂਸ ਪਾਏ ਹੋਏ ਸੇਵਕਾਂ ਲਈ ਜਾਂ ਦੂਜੇ ਉਮੀਦਵਾਰਾਂ ਲਈ ਜਿਹੜੇ ਕਿ ਮਨਜ਼ੂਰਸ਼ੁਦਾ ਅਧਿਐਨ ਪਾਠਕ੍ਰਮਾਂ ਨੂੰ ਕਰ ਰਹੇ ਹਨ ਦੀ ਸਹਾਇਤਾ ਕਰਨ ਲਈ ਕਲਾਸਾਂ ਜਾਂ ਸੈਮੀਨਾਰ ਦਾ ਪ੍ਰਬੰਧ ਕਰ ਸਕਦਾ ਹੈ, ਅਤੇ ਜਿਲ੍ਹਾ ਅਰਥ ਪ੍ਰਬੰਧ, ਸਾਰੀਆਂ ਕਿਤਾਬਾਂ ਦੀ ਕੇਂਦਰੀ ਲਾਈਬਰੇਰੀ ਦੇ ਕਰਜ਼ ਲਈ ਜਦੋਂ ਜਰੂਰੀ ਹੋਵੇ ਪ੍ਰਮਾਣਿਤ ਕਰਨ ਲਈ ਵਿਸ਼ਾ ਸਥਾਪਿਤ ਕਰ ਸਕਦਾ ਹੈ।
- 231.1. ਚੇਅਰਪਰਸਨ ਅਤੇ ਡਿਸਟਿਕ ਮਿਨਸਟਰੀਅਲ ਸਟੀਡਸ ਬੋਰਡ ਦਾ ਸਕੱਤਰ ਅਧਿਐਨ ਦੇ ਇੱਕ ਮਨਜ਼ੂਰਸ਼ੁੱਦਾ ਪਾਠਕ੍ਰਮ ਲਈ ਇੱਕ ਵਿਦਿਆਰਥੀ ਨੂੰ ਸੇਵਕਾਈ ਸਿੱਖਿਆ ਲਈ, ਜਿਲ੍ਹਾ ਸੁਪਰੀਡੈਂਟ ਦੇ ਨਾਲ ਸਲਾਹ ਵਿੱਚ, ਭਰਤੀ ਕਰਨ ਦੇ ਲਈ ਅਧਿਕਾਰ ਰੱਖਦੇ ਹਨ। (230.1-30.2, 424.1-24.3)
- 231.2. ਬੋਰਡ ਓਰਡੀਨੇਸ਼ਨ ਤੇ ਅਧਿਕਾਰਕ ਸ੍ਰੋਤਪੁਸਤਕ ਨਾਲ ਅਨੁਰੂਪਤਾ ਵਿੱਚ ਇਸ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰੇਗਾ।
- 231.3. ਬੋਰਡ ਹਰੇਕ ਉਮੀਦਵਾਰ ਦੀ ਸਿੱਖਿਆਤਮਕ ਉੱਨਤੀ ਦੇ ਸੰਬੰਧ ਵਿੱਚ ਸਾਰੇ ਢੁੱਕਵੇਂ ਆਂਕੜੇ ਡਿਸਟਿਕ ਮਿਨਸਟਰੀਅਲ ਕਰਡੇਨਸ਼ੀਅਲ ਬੋਰਡ ਨੂੰ ਸਮੇਂ ਅਨੁਸਾਰ ਉਸ ਬੋਰਡ ਲਈ ਜਿਲ੍ਹਾ ਏਸਮਬਲੀ ਦੇ ਅੱਗੇ ਆਂਕੜੇ ਭੇਜਣ ਲਈ ਰਿਪੋਰਟ ਕਰੇਗਾ। ਡਿਸਟਿਕ ਮਿਨਸਟਰੀਅਲ ਸਟਡੀਸ ਬੋਰਡ ਡਿਸਟਿਕ ਏਸਮਬਲੀ ਨੂੰ ਸਥਾਨ ਦੇਣ ਅਤੇ ਉੱਨਤੀ ਅਤੇ ਭਿੰਨ-ਭਿੰਨ ਵਾਜ਼ਬ ਅਧਿਐਨ ਪਾਠਕ੍ਰਮਾਂ ਦੇ ਲਈ ਗ੍ਰੈਜੁਏਸ਼ਨ ਦੀ ਸਿਫਰਾਸ਼ ਕਰੇਗਾ। ਇਸ ਤਰ੍ਹਾਂ ਦਾ ਸਥਾਨ ਸੌਂਪਣਾ, ਉੱਨਤੀ ਜਾਂ ਗ੍ਰੈਜੂਏਸ਼ਨ ਕੋਰਸ ਆਫ ਸਟਡੀ ਏਡਵਾਈਸਰੀ ਕਮੇਟੀ (COSAC) ਰਾਹੀਂ ਕਲੇਰਜੀ ਡਿਵਲਪਮੈਂਟ ਦੇ ਪਦ ਦੁਆਰਾ ਦਿੱਤੇ ਦਿਸ਼ਾ ਨਿਰਦੇਸ਼ਾਂ ਦੇ ਨਾਲ ਇਕਸਾਰਤਾ ਵਿੱਚ ਹੋਵੇਗੀ।
- 231.4. ਡਿਸਟਿਕ ਮਿਨਸਟਰੀਅਲ ਬੋਰਡ, ਸੇਵਕਾਈ ਤਿਆਰੀ ਲਈ ਅਧਿਕਾਰਿਕ ਪਛਾਣ ਰੱਖਣ ਵਾਲੇ ਨਾਜ਼ਰੀਨ ਸਿੱਖਿਆ ਦਾਅਰੇ ਅਤੇ ਕਲਰਜੀ ਡਿਵਲਪਮੈਂਟ ਆਫੀਸ ਰਾਹੀਂ ਕ੍ਰਮਵਾਰ ਕੋਰਸ ਆਫ ਸਟਡੀ ਏਡਵਾਈਸਰੀ ਕਮੇਟੀ (COSAC) ਨਾਲ ਮੇਲ ਵਿੱਚ, ਅਤੇ ਜਿਲ੍ਹਾ ਸੁਪਰੀਡੈਂਟ ਦੀ ਆਮ ਅਗਵਾਈ ਦੇ ਅਧੀਨ, ਨਿਯੁਕਤ ਸੇਵਕਾਂ ਅਤੇ ਜਿਲ੍ਹੇ ਤੇ ਦੂਜੇ ਸਟਾਫ ਸੇਵਕਾਂ ਲਈ ਨਿਰੰਤਰ ਸਿੱਖਿਆ ਤਰੱਕੀ ਲਈ ਜ਼ਿਮੇਵਾਰ ਹੋਵੇਗਾ। ਨਿਰੰਤਰ ਸਿੱਖਿਆ ਖਾਸ ਧਿਆਨ ਦਿੱਤੇ ਜਾਣ ਤੇ ਕਿ ਕਿਵੇਂ ਇੱਕ ਪਾਦਰੀ ਵਰਗ ਦਾ ਮੈਂਬਰ ਸਰੀਰਕ ਸੰਬੰਧਾਂ ਦੇ ਗ਼ਲਤ ਆਚਰਣ ਤੋਂ ਬਚ ਸਕਦਾ ਹੈ ਨਾਲ ਪਾਦਰੀ ਵਰਗ ਦੇ ਸਦਾਚਾਰਾਂ ਦੇ ਸੰਬੰਧ ਵਿੱਚ ਸਿੱਖਿਆ ਨੂੰ ਸ਼ਾਮਿਲ ਕਰੇਗੀ।

**ਸਾਡੀ ਸਾਰੀ ਬਣਤਰ ਹਰੇਕ ਪੱਧਰ ਤੇ ਸਿੱਖਿਆ ਵਿੱਚ ਕਲੀਸਿਯਾ ਦੇ ਸੇਵਾ ਦੇ ਲਈ ਰੱਖੇ ਗਏ ਹਨ: ਸਥਾਨਕ, ਜਿਲ੍ਹਾ, ਸੇਵਕਾਈ ਖੇਤਰ, ਇਲਾਕੇ, ਅਤੇ ਆਮ ਵਿੱਚ. . .ਅਤੇ ਆਦਮੀ ਅਤੇ ਔਰਤਾਂ ਨੂੰ ਪਾਸਟਰ ਅਤੇ ਹੋਰਨਾਂ ਜੀਵਨ ਭਰ ਦੀਆਂ ਸੇਵਕਾਈਆਂ ਲਈ ਤਿਆਰ ਕਰਨ ਵਾਸਤੇ!**

**ਨੋਟ: ਇੱਥੇ ਇੱਕ ਪਾਵਰ ਪੋਆਇੰਟ ਪੇਸ਼ਕਸ਼ ਵੀ ਹੈ ਜਿਹੜੀ ਕਿ ਇਸ ਦਸਤਾਵੇਜ ਦੇ ਨਾਲ ਸਹਿਯੋਗੀ ਹੁੰਦੀ ਹੈ।**

# ਜਿਆਦਾ ਅਤੇ ਉੱਤਮ ਪਾਸਟਰ

*ਸਿੱਖਿਆ ਪ੍ਰਬੰਧਕਾਂ, ਜਿਲ੍ਹਿਆਂ, ਅਤੇ ਸੇਵਕਾਈ ਦੇ ਉਮੀਦਵਾਰਾਂ*
*ਦਾ ਮਿਲ ਕੇ ਸਾਂਝਾ ਕੰਮ*

**ਚੁਨੌਤੀ:**

ਚੁਨੌਤੀ ਸਿਰਫ ਜਿਆਦਾ ਪਾਸਟਰ ਹੀ ਨਹੀਂ ਹੈ. . .ਭਾਵੇਂ ਕਿ ਸਾਨੂੰ ਉਹ ਬਹੁਤ ਸਾਰੇ ਚਾਹੀਦੇ ਹਨ. . .ਪਰ, 'ਉੱਤਮ' ਪਾਸਟਰ. . .ਚੰਗੀ ਤਰ੍ਹਾਂ ਤਿਆਰ ਅਤੇ ਜੀਵਨ ਭਰ ਸੇਵਕਾਈ ਵਿੱਚ ਸੇਵਾ ਕਰਨ ਲਈ ਤਿਆਰ। ਇਹ ਇੱਕ ਅੰਕਾਂ ਦੀ ਖੇਡ ਨਹੀਂ ਹੈ। ਇਹ ਵੱਧਦੀ ਕਲੀਸਿਯਾ ਦੇ ਲਈ ਗੁਣਾਤਮਕ ਸੇਵਕਾਂ ਲਈ ਇੱਕ ਗੰਭੀਰ ਮਿਸ਼ਨ ਹੈ।

- **ਬਣਤਰ ਅਤੇ ਸੇਵਕਾਈ**
  ਅਸੀਂ ਸਾਰੇ ਹੀ ਹਰ ਸਮੇਂ (ਸਭਨਾਂ ਗੱਲਾਂ ਵਿੱਚ) ਦੂਜਿਆਂ ਦੀ ਬਣਤਰ ਦੇ ਵਿੱਚ ਰੁੱਝੇ ਹੁੰਦੇ ਹਾਂ. . .ਸਕਾਰਾਤਮਕ ਜਾਂ ਨਕਾਰਾਤਮਕ ਰੂਪ ਵਿੱਚ!

| | | |
|---|---|---|
| *ਰੂਪਾਂਤਰਨ* | | *ਭਰਿਸ਼ਟ ਕਰਨਾ* |
| + | | - |
| | **ਬਣਤਰ** | |
| + | | - |
| *ਨਵ ਨਿਰਮਾਣ* | | *ਵਿਗਾੜ* |

**'ਬਣਤਰ' ਦਾ ਸਕਾਰਾਤਮਕ ਪੱਖ:**

***ਰੂਪਾਂਤਰਨ:*** *ਜਦੋਂ ਕੋਈ ਸ਼ਕਤੀਸ਼ਾਲੀ ਕਿਰਿਆ (ਔਖੀ ਘੜੀ ਦੀ ਘਟਨਾ) ਇੱਕ ਵਿਅਕਤੀ ਦੇ ਸੁਭਾਅ ਨੂੰ ਨਾਟਕੀ ਰੂਪ ਵਿੱਚ ਬਦਲਣ ਲਈ ਹੁੰਦੀ ਹੈ।*

***ਨਵ ਨਿਰਮਾਣ:*** *ਜਦੋਂ ਸਧਾਰਨ ਜੀਵਨ ਲਈ ਪਰਭਾਵਸ਼ਾਲੀ ਅਨੁਕੂਲਤਾ ਕੀਤੀ ਜਾਂਦੀ ਹੈ, ਜੋ ਕਿ ਸੋਚ ਜਾਂ ਵਿਹਾਰ ਵਿੱਚ ਦਿਸ਼ਾ ਦੇ ਇੱਕ ਬਦਲਾਵ ਨੂੰ ਉਤਪੰਨ ਕਰਦਾ ਹੈ।*

**'ਬਣਤਰ' ਦਾ ਨਕਾਰਾਤਮਕ ਪੱਖ:**

***ਭਰਿਸ਼ਟ ਕਰਨਾ:*** *ਜਦੋਂ, ਇੱਕ ਲਾਜ਼ਮੀ ਜਰੂਰੀ ਪਾਲਨ-ਪੋਸ਼ਣ ਦੀ ਕਮੀ ਦੇ ਕਾਰਨ, ਇੱਕ ਵਿਅਕਤੀ ਪੂਰਣ ਸਿੱਧਤਾ ਅਤੇ ਸੰਪੂਰਣਤਾ ਵਿੱਚ ਵਿਕਾਸ ਕਰਨ ਤੋਂ ਦੂਰ ਰੱਖਿਆ ਜਾਂਦਾ ਹੈ।*

***ਵਿਗਾੜ:*** *ਜਦੋਂ ਕਿਸੇ ਸ਼ਕਤੀਸ਼ਾਲੀ ਘਟਨਾ ਦੇ ਕਾਰਨ (ਔਖੀ ਘੜੀ ਦੀ ਘਟਨਾ), ਇੱਕ ਵਿਅਕਤੀ ਦੀ ਸੇਹਤ ਅਤੇ ਸੰਪੂਰਣਤਾ ਦੀ ਯੋਗਤਾ ਵਿੱਚ ਸਮਝੌਤਾ ਕੀਤਾ ਜਾਂਦਾ ਹੈ, ਜੇਕਰ ਪੂਰੀ ਤਰ੍ਹਾਂ ਗੁਆਈ ਨਹੀਂ ਜਾਂਦੀ।*

- **ਕਿਸ ਅੰਤ ਤੀਕ?**
  ***ਕੁਲੁੱਸੀਆਂ 1:25–29***
  ***"...ਹਰੇਕ ਮਨੁੱਖ ਨੂੰ ਮਸੀਹ ਵਿੱਚ ਸਿੱਧ ਕਰਕੇ ਪੇਸ਼ ਕਰੀਏ..."***

- **ਓਰਡੀਨੇਸ਼ਨ ਤੋਂ ਪਹਿਲਾਂ**
  - **ਪਹਿਲਾਂ:** *ਸਾਨੂੰ ਜੁਆਨ ਆਦਮੀ ਅਤੇ ਔਰਤਾਂ ਨੂੰ, ਘੱਟ ਤੋਂ ਘੱਟ ਮਾਪਦੰਡਾਂ ਨੂੰ ਪੂਰਾ ਕਰਦੇ ਜਿਹੜੇ ਕਿ ਅੰਤਰਰਾਸ਼ਟਰੀ ਸ੍ਰੋਤਪੁਸਤਕ ਨਾਲ ਮੇਲ ਵਿੱਚ RCOSAC ਦੁਆਰਾ ਰੱਖੇ ਗਏ ਹਨ, ਤਿਆਰ ਕਰਨਾ ਚਾਹੀਦਾ ਹੈ। ਅਧਿਐਨ ਪਾਠਕ੍ਰਮ ਤੋਂ ਗ੍ਰੇਜੁਏਸ਼ਨ ਸਿਰਫ ਇੱਕ ਅਰੰਭ ਹੈ!*
    - **ਚਾਰ ਸੀ (The 4 C's):**
      - **Content - ਵਿਸ਼ਾ–ਸੂਚੀ**
      - **Competency – ਯੋਗਤਾ/ਸਮਰੱਥਾ**

  - **Character – ਚਰਿੱਤਰ**
  - **Context - ਪਰਸੰਗ**

- **ਨਤੀਜੇ: <u>ਹੋਣ</u> ਲਈ**
  - **ਸੇਵਕ ਦੇ 'ਹੋਣ ਲਈ,' ਚਾਹੇ ਗਏ ਨਤੀਜੇ ਹੇਠਾਂ ਦਿੱਤੇ ਵਿੱਚ ਪ੍ਰਗਟ ਕੀਤੇ ਗਏ ਹਨ**:
    - ਪਰਮੇਸ਼ੁਰ ਨੂੰ ਸਾਰੇ ਦਿਲ, ਆਤਮਾ, ਮਨ ਅਤੇ ਤਾਕਤ ਨਾਲ ਪਿਆਰ ਕਰਨਾ ਅਤੇ ਗੁਆਂਢੀ ਨੂੰ ਆਪਣੇ ਜਿਹਾ, ਜਿਵੇਂ ਕਿ ਪਵਿੱਤਰ ਸ਼ਾਸਤਰ ਵਿੱਚ ਆਦੇਸ਼ ਦਿੱਤਾ ਗਿਆ ਅਤੇ ਮਸੀਹ ਦੀ-ਸਮਾਨਤਾ ਵਿੱਚ ਪ੍ਰਗਟ ਕੀਤਾ ਗਿਆ ਹੈ।
    - ਪਰਮੇਸ਼ੁਰ ਦੀ ਬੁਲਾਹਟ ਵਿੱਚ ਬਣੇ ਰਹਿਣ ਦੀ ਇੱਕ ਸਮਝ ਨਾਲ ਇੱਕ ਡੂੰਘੀ ਆਤਮਿਕਤਾ।
    - ਵਿਸ਼ਵਾਸ ਦੇ ਸਮਾਜ ਨਾਲ ਸੰਬੰਧ ਵਿੱਚ ਇੱਕ ਵਿਅਕਤੀ ਵਜੋਂ ਹੋਂਦ।
    - ਨਿਰਵਿਵਾਦ ਅਖੰਡਤਾ ਅਤੇ ਆਦਰ।
    - ਤਰਸ, ਧੀਰਜ ਅਤੇ ਸਹਿਣਸ਼ੀਲਤਾ।
    - ਆਤਮ-ਅਨੁਸ਼ਾਸਨ ਅਤੇ ਆਤਮ-ਸੰਜਮ
    - ਹਲੀਮਤਾ, ਸੱਜਣਤਾ ਅਤੇ ਦੂਜਿਆਂ ਦੇ ਲਈ ਸੰਵੇਦਨਸ਼ੀਲਤਾ।
    - ਜਨੂਨ ਅਤੇ ਦਲੇਰੀ।
    - ਬੁੱਧੀ ਅਤੇ ਸਿਆਣਪ
    - ਦਰਸ਼ਣ ਅਤੇ ਸਮਰਪਣ

- **ਨਤੀਜੇ: <u>ਜਾਣਨ</u> ਲਈ**
  - **ਸੇਵਕ ਦੇ 'ਜਾਨਣ' ਲਈ, ਚਾਹੇ ਗਏ ਨਤੀਜੇ ਹਨ:**
    - ਪਵਿੱਤਰ ਵਚਨਾਂ ਦਾ ਇੱਕ ਪੂਰਣ ਗਿਆਨ ਅਤੇ ਅਨੁਵਾਦ ਦੇ ਢੰਗ।
    - ਮਸੀਹੀ ਅਧਿਆਤਮਕ ਸਿੱਖਿਆ ਦੀ ਇੱਕ ਸਪੱਸ਼ਟ ਸਮਝ ਅਤੇ ਖਾਸ ਕਰਕੇ ਇਸ ਦੇ ਅੰਦਰ ਮਸੀਹੀ ਪਵਿੱਤਰਤਾ ਦਾ ਸਥਾਨ।
    - ਮਸੀਹੀ ਕਲੀਸਿਯਾ ਦੇ ਇਤਹਾਸ ਦੀ ਇੱਕ ਠੋਸ ਪਕੜ ਅਤੇ ਸਦੀਆਂ ਤੋਂ ਇਸ ਦੇ ਮਿਸ਼ਨ ਦੀ।
    - ਵੇਸਲੀਅਨ ਥੀਓਲਜੀਕਲ ਵਿਰਾਸਤ ਅਤੇ ਰਵਾਇਤ ਦਾ ਇੱਕ ਗਿਆਨ।
    - ਆਤਮਿਕ ਜੀਵਨ ਦੇ ਅਨੁਸ਼ਾਸਨਾਂ ਦਾ ਇੱਕ ਕੰਮ ਕਰਨ ਵਾਲਾ ਗਿਆਨ।
    - ਵਿਸ਼ਵਾਸ ਦੇ ਸਮਾਜ ਵਿੱਚ ਮਸੀਹੀ ਅਰਾਧਨਾ ਦੀ ਵਿਸ਼ੇਸ਼ਤਾ, ਕਿਸਮਾਂ ਅਤੇ ਸਥਾਨ ਦੀ ਇੱਕ ਸਮਝ।
    - ਮਸੀਹੀ ਵਿਅਕਤੀਗਤ ਅਤੇ ਸਮਾਜਿਕ ਸਦਾਚਾਰ ਦੀ ਇੱਕ ਪੱਕੀ ਸਮਝ।
    - ਸੰਚਾਰ ਸਿਧਾਂਤ ਅਤੇ ਹੁਨਰਾਂ ਦਾ ਇੱਕ ਗਿਆਨ, ਖਾਸ ਕਰਕੇ ਪਰਚਾਰ ਕਰਨਾ, ਅਤੇ ਸਿੱਖਿਆ ਅਤੇ ਆਪਸੀ ਵਿਅਕਤੀਗਤ ਹੁਨਰਾਂ ਨੂੰ ਵੀ ਸ਼ਾਮਿਲ ਕਰਕੇ।
    - ਮਸੀਹ-ਸਮਾਨ ਅਗਵਾਈ ਦੇ ਵੇਗ ਦੀ, ਸਥਾਨਕ ਪ੍ਰਬੰਧ, ਅਤੇ ਮਿਸ਼ਨ ਅਤੇ ਸੇਵਕਾਈ ਦੇ ਨਮੂਨੇ, ਅਤੇ ਅਗਵਾਈ ਅਤੇ ਪ੍ਰਬੰਧ ਦੇ ਦੁਨਿਆਵੀ ਨਮੂਨਿਆਂ ਤੋਂ ਭਿੰਨਤਾਵਾਂ ਅਤੇ ਸਮਾਨਤਾਵਾਂ ਦੀ ਇੱਕ ਸਮਝ।
    - ਮਨੁੱਖੀ ਸਥਿਤੀ ਦੇ ਟੁੱਟੇਪਣ ਦੀ ਇੱਕ ਜਾਣਕਾਰੀ - ਵਿਅਕਤੀਗਤ ਅਤੇ ਸਮਾਜਿਕ ਦੋਹੇਂ ਹੀ।
    - ਮਨੁੱਖੀ ਜੀਵਨ ਅਤੇ ਸਥਾਨਕ ਕਲੀਸਿਯਾ ਅਤੇ ਸਮਾਜ ਦੇ ਸਮੂਹਾਂ, ਜਿਸ ਵਿੱਚ ਵੈਵਾਹਿਕ ਅਤੇ ਪਰਿਵਾਰ ਵੀ ਸ਼ਾਮਿਲ ਹੈ ਦੇ ਵੇਗ ਦੀ ਇੱਕ ਸਮਝ।
    - ਮਨੁੱਖੀ ਇਤਹਾਸ ਅਤੇ ਸੱਭਿਆਚਾਰ ਦੀ ਅਵਧੀ ਦੀ ਇੱਕ ਪਕੜ, ਖਾਸ ਕਰਕੇ ਸੇਵਕ ਦੇ ਆਪਣੇ ਪਰਸੰਗ ਵਿੱਚ।
    - ਸੱਭਿਆਚਾਰ ਦੇ ਰੁਝਾਨ ਅਤੇ ਸਮਕਾਲੀ ਸਮਾਜ ਵਿੱਚ ਜਿਸ ਵਿਚ ਬਹੁ ਧਰਮ ਸ਼ਾਮਿਲ ਹਨ ਦੇ ਪ੍ਰਭਾਵਾਂ ਬਾਰੇ ਇੱਕ ਜਾਣਕਾਰੀ।
    - ਚਰਚ ਆਫ ਨਾਜ਼ਰੀਨ ਦੀ ਨੀਤੀ ਅਤੇ ਅਭਿਆਸ ਦੀ ਕਿਰਿਆ ਦਾ ਇੱਕ ਗਿਆਨ
    - ਸਮਾਜ ਦੇ ਵਿੱਚ ਕਾਨੂੰਨੀ ਢਾਂਚੇ ਦੀ ਇੱਕ ਜਾਣਕਾਰੀ ਜਿਸ ਦੇ ਵਿੱਚ ਕਲੀਸਿਯਾ ਕੰਮ ਕਰਦੀ ਹੈ।

- **ਨਤੀਜੇ: <u>ਕਰਨ</u> ਲਈ**
  - **ਸੇਵਕ ਦੇ 'ਕਰਨ ਲਈ', ਚਾਹੇ ਗਏ ਨਤੀਜੇ ਹਨ:**
    - ਇੱਕ ਧਰਮੀ ਜੀਵਨ ਅਤੇ ਮਹੱਤਵਪੂਰਨ ਪਵਿੱਤਰਤਾ ਦਾ ਇੱਕ ਨਮੂਨਾ।
    - ਵਿਅਕਤੀਗਤ, ਪਰਿਵਾਰਿਕ, ਅਤੇ ਕਲੀਸਿਯਾ ਵਿਕਾਸ ਬਾਰੇ ਪ੍ਰਾਰਥਨਾ ਪੂਰਵਕ ਸੋਚਣਾ
    - ਸਾਰੇ ਸੰਬੰਧਾਂ ਵਿੱਚ ਅਖੰਡਤਾ ਅਤੇ ਆਦਰ ਨਾਲ ਕੰਮ ਕਰਨਾ।
    - ਦੂਜਿਆਂ ਨੂੰ ਪਰਮੇਸ਼ੁਰ ਦੇ ਪਿਆਰ ਨਾਲ ਜਵਾਬ ਦੇਣਾ।
    - ਪਰਮੇਸ਼ੁਰ ਦੇ ਲੋਕਾਂ ਦੀ ਅਰਾਧਨਾ, ਮਿਸ਼ਨ ਅਤੇ ਸੇਵਾ ਵਿੱਚ ਅਗਵਾਈ ਕਰਨਾ।
    - ਸੰਤਾਂ ਨੂੰ ਸੇਵਕਾਈ ਦੇ ਕੰਮ ਲਈ ਸਿੱਧ ਕਰਨਾ।
    - ਇੱਕ ਸੱਭਿਆਚਾਰਕ ਅਨੁਕੂਲ ਢੰਗ ਵਿੱਚ ਸਪੱਸ਼ਟਤਾ ਨਾਲ ਪਰਮੇਸ਼ੁਰ ਦੇ ਵਚਨ ਦਾ ਪਰਚਾਰ ਕਰਨਾ।
    - ਵਚਨ ਅਤੇ ਉਦਾਹਰਣ ਦੇ ਦੁਆਰਾ ਸਿਖਾਉਣਾ।
    - ਗੁਆਚੇ ਹੋਇਆਂ ਨੂੰ ਇੰਜ਼ੀਲ ਦਾ ਪਰਚਾਰ ਸੁਣਾਉਣਾ।
    - ਝੁੰਡ ਨੂੰ ਰਜਾਉਣਾ।
    - ਕਲੀਸਿਯਾ ਅਤੇ ਚਰਚ ਦੇ ਮਿਸ਼ਨ ਦਾ ਸਪੱਸ਼ਟਤਾ ਨਾਲ ਉਚਾਰਣ ਕਰਨਾ।
    - ਵਿਅਕਤੀ ਅਤੇ ਸਮਾਜ ਦੇ ਟੁੱਟੇਪਣ ਨਾਲ ਸੇਵਾ ਕਰਨਾ।
    - ਪਿਆਰ ਵਿੱਚ ਸਚਿਆਈ ਦਾ ਸੰਚਾਰ ਕਰਨਾ।
    - ਦੇਖਰੇਖ ਅਤੇ ਸਿਆਣਪ ਨਾਲ ਸੁਣਨਾ।
    - ਪਰਮੇਸ਼ੁਰ ਦੇ ਸਾਰੇ ਲੋਕਾਂ ਦੀ ਸੇਵਕਾਈ ਨੂੰ ਸਥਾਨਕ ਪੱਧਰ ਤੇ ਸੁਖਾਲਾ ਬਣਾਉਣਾ।
    - ਸਥਾਨਕ ਕਲੀਸਿਯਾ ਦਾ ਜਿਨ੍ਹਾਂ ਲੋੜੀਂਦਾ ਅਤੇ ਅਨੁਕੂਲ ਹੈ ਪ੍ਰਬੰਧ ਕਰਨਾ।
    - ਪ੍ਰੋਗਰਾਮ ਅਤੇ ਯੋਜਨਾਵਾਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨਾ।
    - ਸੂਚਨਾ ਤਕਨੀਕ ਅਤੇ ਹੋਰ ਸੇਵਕਾਈ ਅਤੇ ਮਿਸ਼ਨ ਲਈ ਜਰੂਰੀ ਮੀਡੀਆ ਵਿੱਚ ਹੁਨਰ ਹਾਸਲ ਕਰਨਾ।
    - ਜੀਵਨ ਭਰ ਸਿੱਖਣ ਦੀ ਚਾਹ ਰੱਖਣਾ।

❖ **ਓਰਡੀਨੇਸ਼ਨ ਤੋਂ ਬਾਅਦ**

- **ਬਾਅਦ:** *ਅਸੀਂ ਸਾਡੇ ਸੇਵਕਾਈ ਦੇ ਵਿਕਾਸ ਵਿੱਚ ਸੇਵਕਾਈ ਰਾਹੀਂ ਨਿਰੰਤਰ ਵੱਧਦੇ ਜਾਂਦੇ ਹਾਂ. . .ਜਿਸ ਨੂੰ ਅਸੀਂ 'ਜੀਵਨ ਭਰ' ਸਿੱਖਣਾ ਆਖਦੇ ਹਾਂ।*
  - ਚਾਰ **C's** ਅਤੇ **ਹੋਣਾ, ਜਾਣਨਾ, ਕਰਨਾ** ਖੰਡ 'ਜੀਵਨ ਭਰ ਸਿੱਖਣ' ਲਈ ਸਾਡੇ ਪਾਠਕ੍ਰਮ ਵਿਕਾਸ ਦੇ ਨਿਰੰਤਰ ਢਾਂਚਾ ਹੁੰਦੇ ਹਨ।

- **ਨਿਰੰਤਰ ਵਿੱਦਿਅਕ ਇਕਾਈ – Continuing Education Units (CEU's)**
  - ਅਸੀਂ ਜੀਵਨ ਭਰ ਸਿੱਖਣ ਦੇ ਵਿੱਚ ਸ਼ਾਮਿਲ ਹੁੰਦੇ ਹਾਂ…
  - ਅਸੀਂ ਇਨ੍ਹਾਂ ਵਿੱਚ ਉੱਤਮ ਹੋਣ ਲਈ ਸਮਰਪਿਤ ਹਾਂ
    - ਤਿਆਰੀ
    - ਬਣਤਰ
    - ਸੇਵਾ
    - ਚੇਲੇ-ਬਣਾਉਣ
    - ਕਲੀਸਿਯਾ ਵਿਕਾਸ
  - **ਇੱਕ CEU ਕੀ ਹੈ?**
    - ਹਰੇਕ ਓਰਡੀਨੇਸ਼ਨ ਪਾਏ ਹੋਏ ਪਾਸਟਰ ਨੂੰ ਇੱਕ ਘੱਟੋ ਘੱਟ 2 CEU's ਵਿੱਚ ਹਰ ਸਾਲ ਸ਼ਾਮਿਲ ਹੋਣਾ ਚਾਹੀਦਾ ਹੈ (ਇੱਕ ਘੱਟ ਤੋਂ ਘੱਟ ਹਰੇਕ ਲਈ 30 ਵਿਦਿਆਰਥੀ ਸਿੱਖਣ ਦੇ ਘੰਟਿਆਂ ਨੂੰ ਸ਼ਾਮਿਲ ਕਰਦਾ ਹੋਇਆ)।
    - ਵਿਦਿਆਰਥੀ ਸਿੱਖਣ ਦੇ ਘੰਟੇ: ਗਿਆਨ ਪ੍ਰਾਪਤ ਕਰਨ, ਹੁਨਰਾਂ ਦਾ ਅਭਿਆਸ ਕਰਨ, ਚਰਿੱਤਰ ਵਿੱਚ ਵਧਣ, ਅਤੇ ਉਸ ਦੇ ਪਰਸੰਗ ਵਿੱਚ ਅਰਥਪੂਰਣ ਢੰਗਾਂ ਵਿੱਚ ਸ਼ਾਮਿਲ ਹੋਣ ਲਈ ਇੱਕ ਵਿਦਿਆਰੀ ਦੇ ਲਈ ਲਿਆ ਗਿਆ ਸਮਾਂ।
    - CEU's ਤੇ ਜਿਆਦਾ ਜਾਣਕਾਰੀ ਦੇ ਲਈ ਖੇਤਰੀ ਸ੍ਰੋਤਪੁਸਕਤ ਨੂੰ ਵੇਖੋ।

**ਨੋਟ: ਇੱਥੇ ਇੱਕ ਪਾਵਰ ਪੋਆਇੰਟ ਪੇਸ਼ਕਸ਼ ਵੀ ਹੈ ਜਿਹੜੀ ਕਿ ਇਸ ਦਸਤਾਵੇਜ ਦੇ ਨਾਲ ਸਹਿਯੋਗੀ ਹੁੰਦੀ ਹੈ।**